Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 296, ਮਿਤੀ : 21 ਮਾਰਚ ਤੋਂ 27 ਮਾਰਚ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਹੂਤੀ ਬਾਗੀ ਕੌਣ ਹਨ ਜਿਨ੍ਹਾਂ ’ਤੇ ਅਮਰੀਕਾ ਕਰ ਰਿਹਾ ਹਮਲੇ, ਟਰੰਪ ਨੇ ਦਿੱਤੀ ‘ਤਬਾਹੀ’ ਦੀ ਚੇਤਾਵਨੀ





ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਯਮਨ ਵਿੱਚ ਹੂਤੀ ਬਾਗੀਆਂ ’ਤੇ ਫੈਸਲਾਕੁੰਨ ਅਤੇ ਸ਼ਕਤੀਸ਼ਾਲੀ ਹਵਾਈ ਹਮਲੇ ਕੀਤੇ ਹਨ। ਟਰੰਪ ਨੇ ਇਸ ਹਮਲੇ ਦਾ ਕਾਰਨ, ਲਾਲ ਸਾਗਰ ਵਿੱਚ ਜਹਾਜ਼ਾਂ ’ਤੇ ਹੂਤੀ ਬਾਗੀਆਂ ਦੇ ਹਮਲਿਆਂ ਨੂੰ ਦੱਸਿਆ ਹੈ।ਟਰੰਪ ਨੇ ਆਪਣੇ ਸੋਸ਼ਲ ਪਲੇਟਫਾਰਮ ਟਰੂਥ ’ਤੇ ਲਿਖਿਆ, ਈਰਾਨ ਤੋਂ ਆਰਥਿਕ ਸਮਰਥਨ ਪ੍ਰਾਪਤ ਵਾਲੇ ਹੂਤੀਆਂ ਨੇ ਅਮਰੀਕੀ ਜਹਾਜ਼ਾਂ ’ਤੇ ਮਿਜ਼ਾਈਲਾਂ ਦਾਗੀਆਂ ਹਨ ਅਤੇ ਸਾਡੇ ਸੈਨਿਕਾਂ ਅਤੇ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਇਆ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ (ਹੂਤੀ ਬਾਗ਼ੀਆਂ) ਦੀ ਸਮੁੰਦਰੀ ਡਕੈਤੀ, ਹਿੰਸਾ ਅਤੇ ਦਹਿਸ਼ਤ ਕਾਰਨ ਅਰਬਾਂ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ ਲੋਕਾਂ ਦੀਆਂ ਜਾਨ ਖਤਰੇ ’ਚ ਪਈ ਹੈ।ਹੂਤੀ ਬਾਗੀਆਂ ਨੇ ਗਾਜ਼ਾ ਵਿੱਚ ਇਜ਼ਰਾਈਲ-ਹਮਾਸ ਯੁੱਧ ਦੇ ਜਵਾਬ ਵਿੱਚ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ।ਦੂਜੇ ਪਾਸੇ, ਹੂਤੀ ਵਿਦਰੋਹੀਆਂ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਨੇ ਕਿਹਾ ਕਿ ਅਮਰੀਕੀ ਹਮਲਿਆਂ ਵਿੱਚ ਘੱਟੋ-ਘੱਟ 15 ਲੋਕ ਮਾਰੇ ਗਏ ਅਤੇ ਨੌਂ ਜ਼ਖਮੀ ਹੋਏ।

**‘ਧੂੰਏਂ ਦੇ ਗੁਬਾਰ ਦੇਖੇ ਗਏ’**

ਹੂਤੀ ਬਾਗ਼ੀਆਂ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਫੌਜਾਂ ਅਮਰੀਕੀ ਹਮਲਿਆਂ ਦਾ ਜਵਾਬ ਦੇਣਗੀਆਂ।ਹੂਤੀਆਂ ਨੇ ਸ਼ਨੀਵਾਰ ਸ਼ਾਮ ਨੂੰ ਸਨਾ ਅਤੇ ਉੱਤਰੀ ਸੂਬੇ ਸਾਦਾ ਵਿੱਚ ਲੜੀਵਾਰ ਹੋਏ ਧਮਾਕਿਆਂ ਦੀ ਰਿਪੋਰਟ ਦਿੱਤੀ। ਇਹ ਸਾਊਦੀ ਅਰਬ ਦੀ ਸਰਹੱਦ ’ਤੇ ਹੂਤੀ ਬਾਗੀਆਂ ਦਾ ਗੜ੍ਹ ਹੈ।ਇਸ ਬਾਗੀ ਸਮੂਹ ਨੂੰ ਈਰਾਨ ਦਾ ਸਮਰਥਨ ਪ੍ਰਾਪਤ ਹੈ ਅਤੇ ਇਹ ਇਜ਼ਰਾਈਲ ਨੂੰ ਆਪਣਾ ਦੁਸ਼ਮਣ ਮੰਨਦਾ ਹੈ। ਹੂਤੀਆਂ ਦਾ ਸਨਾ ਅਤੇ ਯਮਨ ਦੇ ਉੱਤਰ-ਪੱਛਮੀ ਹਿੱਸੇ ’ਤੇ ਕੰਟਰੋਲ ਹੈ, ਪਰ ਇਹ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਪ੍ਰਾਪਤ ਸਰਕਾਰ ਨਹੀਂ ਹੈ।ਕਈ ਤਸਵੀਰਾਂ ਵਿੱਚ ਸਨਾ ਹਵਾਈ ਅੱਡੇ ਦੇ ਖੇਤਰ ਉੱਤੇ ਕਾਲੇ ਧੂੰਏਂ ਦੇ ਗੁਬਾਰ ਦਿਖਾਈ ਦਿੱਤੇ ਹਨ, ਜਿਸ ਵਿੱਚ ਇੱਕ ਫੌਜੀ ਅੱਡਾ ਵੀ ਹੈ। ਹਾਲਾਂਕਿ, ਇਨ੍ਹਾਂ ਤਸਵੀਰਾਂ ਦੀ ਪੁਸ਼ਟੀ ਨਹੀਂ ਹੋ ਸਕੀ ਹੈ।ਇੱਕ ਬਿਆਨ ਵਿੱਚ, ਹੂਤੀ ਬਾਗ਼ੀਆਂ ਨੇ ਯਮਨ ਦੀ ਰਾਜਧਾਨੀ ਸਨਾ ਵਿੱਚ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ‘ਸ਼ੈਤਾਨੀ’ ਹਮਲੇ ਲਈ ਅਮਰੀਕਾ ਅਤੇ ਬ੍ਰਿਟੇਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਹਾਲਾਂਕਿ ਇਹ ਪੱਕਾ ਹੈ ਕਿ ਬ੍ਰਿਟੇਨ ਨੇ ਸ਼ਨੀਵਾਰ ਨੂੰ ਹੂਤੀ ਟਿਕਾਣਿਆਂ ’ਤੇ ਅਮਰੀਕੀ ਹਮਲਿਆਂ ਵਿੱਚ ਹਿੱਸਾ ਨਹੀਂ ਲਿਆ ਸੀ, ਪਰ ਉਸਨੇ ਅਮਰੀਕਾ ਲਈ ਨਿਯਮਤ ਇੰਧਨ ਭਰਨ ਵਿੱਚ ਸਹਾਇਤਾ ਕੀਤੀ।ਟਰੰਪ ਨੇ ਕਿਹਾ- ’ਜੇਕਰ ਤੁਸੀਂ ਨਹੀਂ ਰੁਕੇ ਤਾਂ ਤੁਹਾਡੇ ’ਤੇ ਤਬਾਹੀ ਵਰ੍ਹੇਗੀ’ ਨਵੰਬਰ 2023 ਤੋਂ, ਹੂਤੀ ਬਾਗੀਆਂ ਨੇ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚ ਦਰਜਨਾਂ ਵਪਾਰਕ ਜਹਾਜ਼ਾਂ ਨੂੰ ਮਿਜ਼ਾਈਲਾਂ, ਡਰੋਨਾਂ ਅਤੇ ਛੋਟੀਆਂ ਕਿਸ਼ਤੀਆਂ ਨਾਲ ਨਿਸ਼ਾਨਾ ਬਣਾਇਆ ਹੈ।ਉਨ੍ਹਾਂ ਨੇ ਦੋ ਜਹਾਜ਼ ਵੀ ਡੁਬੋ ਦਿੱਤੇ ਹਨ, ਇੱਕ ਜਹਾਜ਼ ਨੂੰ ਜ਼ਬਤ ਕਰ ਲਿਆ ਹੈ ਅਤੇ ਚਾਲਕ ਦਲ ਦੇ ਚਾਰ ਮੈਂਬਰਾਂ ਨੂੰ ਮਾਰ ਦਿੱਤਾ ਹੈ।ਟਰੰਪ ਨੇ ਕਿਹਾ ਕਿ ਇਨ੍ਹਾਂ ਹਮਲਿਆਂ ਨੂੰ ‘ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਦੋਂ ਤੱਕ ਅਸੀਂ ਆਪਣਾ ਮਕਸਦ ਹਾਸਿਲ ਨਹੀਂ ਕਰ ਲੈਂਦੇ, ਉਦੋਂ ਤੱਕ ਅਸੀਂ ਬਹੁਤ ਜ਼ਿਆਦਾ ਘਾਤਕ ਬਲ ਦਾ ਪ੍ਰਯੋਗ ਕਰਾਂਗੇ।” ਸਿੱਧੇ ਤੌਰ ’ਤੇ ਹੂਤੀ ਬਾਗ਼ੀਆਂ ਨੂੰ ਸੰਬੋਧਿਤ ਕਰਦੇ ਹੋਏ ਟਰੰਪ ਨੇ ਲਿਖਿਆ ਕਿ ਜੇਕਰ ਉਹ ਨਹੀਂ ਰੁਕੇ, ਤਾਂ ਤੁਹਾਡੇ ’ਤੇ ਅਜਿਹੀ ਤਬਾਹੀ ਵਰ੍ਹੇਗੀ, ਜੋ ਤੁਸੀਂ ਪਹਿਲਾਂ ਕਦੇ ਨਹੀਂ ਦੇਖੀ ਹੋਵੇਗੀ।ਪਰ ਹੂਤੀਆਂ ਨੇ ਆਪਣੀ ਪ੍ਰਤੀਕਿਰਿਆ ’ਚ ਕੋਈ ਬਦਲਾਅ ਨਹੀਂ ਕੀਤਾ ਅਤੇ ਕਿਹਾ ਕਿ ਇਸ ਹਮਲੇ ਨਾਲ ਫਲਸਤੀਨੀਆਂ ਪ੍ਰਤੀ ਉਨ੍ਹਾਂ ਦਾ ਸਮਰਥਨ ਘੱਟ ਨਹੀਂ ਹੋਵੇਗਾ।ਉਨ੍ਹਾਂ ਕਿਹਾ, ‘ਇਸ ਹਮਲੇ ਦਾ ਜਵਾਬ ਦਿੱਤਾ ਜਾਵੇਗਾ ਅਤੇ ਯਮਨ ਵਿੱਚ ਸਾਡੀਆਂ ਹਥਿਆਰਬੰਦ ਫੌਜਾਂ ਇਸ ਹਮਲੇ ਦਾ ਜਵਾਬ ਦੇਣ ਲਈ ਤਿਆਰ ਹਨ।’ ਇਸ ਦੌਰਾਨ, ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਕਿ ਈਰਾਨ, ਜੋ ਕਿ ਹੂਤੀ ਬਾਗ਼ੀਆਂ ਨੂੰ ‘ਵਿੱਤੀ ਸਹਾਇਤਾ’ ਪ੍ਰਦਾਨ ਕਰ ਰਿਹਾ ਹੈ, ਨੂੰ ਵੀ ‘ਚੇਤਾਵਨੀ’ ਦਿੱਤੀ ਗਈ ਹੈ।



**ਹੂਤੀ ਕੌਣ ਹਨ ਅਤੇ ਉਨ੍ਹਾਂ ਦਾ ਉਦੇਸ਼ ਕੀ ਹੈ ?**

ਹੂਤੀ, ਯਮਨ ਦੇ ਘੱਟ ਗਿਣਤੀ ਸ਼ੀਆ ’ਜ਼ੈਦੀ’ ਭਾਈਚਾਰੇ ਦਾ ਇੱਕ ਹਥਿਆਰਬੰਦ ਸਮੂਹ ਹੈ।ਇਸ ਭਾਈਚਾਰੇ ਨੇ 1990 ਦੇ ਦਹਾਕੇ ਵਿੱਚ ਉਸ ਸਮੇਂ ਦੇ ਰਾਸ਼ਟਰਪਤੀ ਅਲੀ ਅਬਦੁੱਲਾ ਸਾਲੇਹ ਦੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਲੜਨ ਲਈ ਇਹ ਸਮੂਹ ਬਣਾਇਆ ਸੀ।ਇਨ੍ਹਾਂ ਦਾ ਨਾਮ ਇਨ੍ਹਾਂ ਦੇ ਅੰਦੋਲਨ ਦੇ ਸੰਸਥਾਪਕ ਹੁਸੈਨ ਅਲ-ਹੂਤੀ ਦੇ ਨਾਮ ’ਤੇ ਪਿਆ। ਉਹ ਆਪਣੇ ਆਪ ਨੂੰ ’ਅੰਸਾਰ ਅੱਲ੍ਹਾ’ ਭਾਵ ਰੱਬ ਦੇ ਸਾਥੀ ਵੀ ਕਹਿੰਦੇ ਹਨ।2003 ਵਿੱਚ ਇਰਾਕ ਉੱਤੇ ਅਮਰੀਕਾ ਦੀ ਅਗਵਾਈ ਵਾਲੇ ਹਮਲੇ ਦੌਰਾਨ, ਹੂਤੀ ਬਾਗੀਆਂ ਨੇ ਨਾਅਰਾ ਲਗਾਇਆ ਸੀ- ‘ਰੱਬ ਮਹਾਨ ਹੈ। ਅਮਰੀਕਾ ਦਾ ਖਤਮ ਹੋਵੇ, ਇਜ਼ਰਾਇਲ ਦਾ ਖਤਮ ਹੋਵੇ। ਯਹੂਦੀ ਤਬਾਹ ਹੋ ਜਾਣ ਅਤੇ ਇਸਲਾਮ ਦੀ ਜਿੱਤ ਹੋਵੇ।’ ਉਨ੍ਹਾਂ ਨੇ ਆਪਣੇ ਆਪ ਨੂੰ ਹਮਾਸ ਅਤੇ ਹਿਜ਼ਬੁੱਲਾ ਦੇ ਨਾਲ ਮਿਲ ਕੇ ਇਜ਼ਰਾਈਲ, ਅਮਰੀਕਾ ਅਤੇ ਪੱਛਮ ਦੇ ਵਿਰੁੱਧ ਈਰਾਨ ਦੀ ਅਗਵਾਈ ਵਾਲੇ ਵਿਰੋਧ ਦੇ ਧੁਰੇ ਦਾ ਹਿੱਸਾ ਦੱਸਿਆ ਸੀ।

**ਹੂਤੀਆਂ ਨੇ ਯਮਨ ਦੇ ਵੱਡੇ ਇਲਾਕੇ ’ਤੇ ਕੰਟਰੋਲ ਕਿਵੇਂ ਕੀਤਾ ?**

2014 ਦੇ ਸ਼ੁਰੂ ਵਿੱਚ ਯਮਨ ਵਿੱਚ ਹੂਤੀ ਸਿਆਸੀ ਤੌਰ ’ਤੇ ਉਸ ਵੇਲੇ ਸ਼ਕਤੀਸ਼ਾਲੀ ਬਣ ਗਏ, ਜਦੋਂ ਉਹ ਅਬਦਰੱਬੂ ਮਨਸੂਰ ਹਾਦੀ ਦੇ ਵਿਰੁੱਧ ਉੱਠ ਖੜ੍ਹੇ ਹੋਏ। ਮਨਸੂਰ ਹਾਦੀ, ਅਲੀ ਅਬਦੁੱਲਾ ਸਾਲੇਹ ਤੋਂ ਬਾਅਦ ਰਾਸ਼ਟਰਪਤੀ ਅਹੁਦੇ ਦੇ ਉਤਰਾਧਿਕਾਰੀ ਸਨ।ਉਨ੍ਹਾਂ ਨੇ ਆਪਣੇ ਦੁਸ਼ਮਣ ਰਹੇ ਸਾਲੇਹ ਨਾਲ ਇੱਕ ਸਮਝੌਤਾ ਕੀਤਾ ਅਤੇ ਸਾਲੇਹ ਨੂੰ ਮੁੜ ਸੱਤਾ ਵਿੱਚ ਲਿਆਉਣਾ ਚਾਹਿਆ।ਯਮਨ ਦੇ ਉੱਤਰ ਵਿੱਚ ਹੂਤੀ ਸਾਦਾ ਸੂਬੇ ’ਤੇ ਕਬਜ਼ਾ ਕਰਨ ਵਿੱਚ ਕਾਮਯਾਬ ਰਹੇ ਅਤੇ 2015 ਦੇ ਸ਼ੁਰੂ ਵਿੱਚ ਉਨ੍ਹਾਂ ਨੇ ਰਾਜਧਾਨੀ ਸਨਾ ’ਤੇ ਵੀ ਕਬਜ਼ਾ ਕਰ ਲਿਆ। ਅਜਿਹੀ ਸਥਿਤੀ ਵਿੱਚ, ਰਾਸ਼ਟਰਪਤੀ ਹਾਦੀ ਯਮਨ ਛੱਡ ਕੇ ਵਿਦੇਸ਼ ਭੱਜ ਗਏ।ਯਮਨ ਦੇ ਗੁਆਂਢੀ ਦੇਸ਼ ਸਾਊਦੀ ਅਰਬ ਨੇ ਫੌਜੀ ਦਖਲਅੰਦਾਜ਼ੀ ਕੀਤੀ ਅਤੇ ਹੂਤੀ ਬਾਗੀਆਂ ਨੂੰ ਹਟਾਉਣ ਅਤੇ ਹਾਦੀ ਨੂੰ ਸੱਤਾ ਵਿੱਚ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਕੰਮ ਵਿੱਚ ਸਾਊਦੀ ਨੂੰ ਯੂਏਈ ਅਤੇ ਬਹਿਰੀਨ ਦਾ ਵੀ ਸਾਥ ਮਿਲਿਆ।ਹੂਤੀ ਬਾਗ਼ੀਆਂ ਨੇ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕੀਤਾ ਅਤੇ ਯਮਨ ਦੇ ਵੱਡੇ ਹਿੱਸਿਆਂ ’ਤੇ ਆਪਣਾ ਕੰਟਰੋਲ ਬਣਾਈ ਰੱਖਿਆ।ਜਦੋਂ ਬਾਅਦ ਵਿੱਚ ਅਲੀ ਅਬਦੁੱਲਾ ਸਾਲੇਹ ਨੇ ਆਪਣਾ ਪੱਖ ਬਦਲਣ ਅਤੇ ਸਾਊਦੀ ਅਰਬ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ ਤਾਂ 1017 ਵਿੱਚ ਹੂਤੀਆਂ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।

**ਇਨ੍ਹਾਂ ਬਾਗ਼ੀਆਂ ਦੀ ਮਦਦ ਕੌਣ ਕਰਦਾ ਹੈ ?**

ਹੂਤੀ ਬਾਗ਼ੀ ਲੇਬਨਾਨ ਦੇ ਹਥਿਆਰਬੰਦ ਸ਼ੀਆ ਸਮੂਹ ਹਿਜ਼ਬੁੱਲਾ ਦੇ ਮਾਡਲ ਤੋਂ ਪ੍ਰੇਰਨਾ ਲੈਂਦੇ ਹਨ।ਅਮਰੀਕਾ ਦੀ ਖੋਜ ਸੰਸਥਾ ’ਕਾਂਬੇਟਿੰਗ ਟੈਰੇਰਿਜ਼ਮ ਸੈਂਟਰ’ ਦੇ ਅਨੁਸਾਰ, ਹਿਜ਼ਬੁੱਲਾ 2014 ਤੋਂ ਉਨ੍ਹਾਂ ਨੂੰ ਵੱਡੇ ਪੱਧਰ ’ਤੇ ਫੌਜੀ ਮੁਹਾਰਤ ਅਤੇ ਸਿਖਲਾਈ ਪ੍ਰਦਾਨ ਕਰ ਰਿਹਾ ਹੈ।ਹੂਤੀ ਆਪਣੇ ਆਪ ਨੂੰ ਈਰਾਨ ਦੇ ਸਹਿਯੋਗੀ ਵੀ ਕਹਿੰਦੇ ਹਨ ਕਿਉਂਕਿ ਉਨ੍ਹਾਂ ਦਾ ਸਾਂਝਾ ਦੁਸ਼ਮਣ ਸਾਊਦੀ ਅਰਬ ਹੈ।ਇਹ ਖਦਸ਼ਾ ਵੀ ਜਤਾਇਆ ਜਾਂਦਾ ਹੈ ਕਿ ਈਰਾਨ ਹੂਤੀ ਬਾਗੀਆਂ ਨੂੰ ਹਥਿਆਰ ਵੀ ਮੁਹੱਈਆ ਕਰਵਾ ਰਿਹਾ ਹੈ।ਅਮਰੀਕਾ ਅਤੇ ਸਾਊਦੀ ਅਰਬ ਕਹਿੰਦੇ ਹਨ ਕਿ ਈਰਾਨ ਨੇ ਹੂਤੀ ਬਾਗੀਆਂ ਨੂੰ ਬੈਲਿਸਟਿਕ ਮਿਜ਼ਾਈਲਾਂ ਨਾਲ ਲੈਸ ਕੀਤਾ ਸੀ, ਜਿਨ੍ਹਾਂ ਦੀ ਵਰਤੋਂ 2017 ਵਿੱਚ ਅਰਬ ਦੀ ਰਾਜਧਾਨੀ ਰਿਆਦ ’ਤੇ ਹਮਲਾ ਕਰਨ ਲਈ ਕੀਤੀ ਗਈ ਸੀ। ਇਨ੍ਹਾਂ ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਮਾਰ ਦਿੱਤਾ ਗਿਆ ਸੀ।ਹੂਤੀ ਬਾਗ਼ੀ ਸਾਊਦੀ ਅਰਬ ’ਤੇ ਛੋਟੀ ਦੂਰੀ ਦੀਆਂ ਹਜ਼ਾਰਾਂ ਮਿਜ਼ਾਈਲਾਂ ਦਾਗ ਚੁੱਕੇ ਹਨ ਅਤੇ ਉਨ੍ਹਾਂ ਨੇ ਯੂਏਈ ਨੂੰ ਵੀ ਨਿਸ਼ਾਨਾ ਬਣਾਇਆ ਹੈ।ਅਜਿਹੇ ਹਥਿਆਰਾਂ ਦੀ ਸਪਲਾਈ ਕਰਨ ਦਾ ਮਤਲਬ ਸੰਯੁਕਤ ਰਾਸ਼ਟਰ ਵੱਲੋਂ ਹਥਿਆਰਾਂ ’ਤੇ ਲਗਾਏ ਗਈ ਪਾਬੰਦੀ ਦੀ ਉਲੰਘਣਾ ਕਰਨਾ ਹੈ। ਪਰ ਈਰਾਨ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਖਾਰਿਜ ਕਰਦਾ ਹੈ।

**ਹੂਤੀ ਕਿੰਨੇ ਤਾਕਤਵਰ ਅਤੇ ਯਮਨ ਦੇ ਕਿੰਨੇ ਹਿੱਸੇ ’ਤੇ ਕੰਟਰੋਲ ?**

ਅਪ੍ਰੈਲ 2022 ਵਿੱਚ, ਅਬਦਰੱਬੂ ਮਨਸੂਰ ਹਾਦੀ ਨੇ ਰਾਸ਼ਟਰਪਤੀ ਲੀਡਰਸ਼ਿਪ ਕੌਂਸਲ ਨੂੰ ਆਪਣੀਆਂ ਸ਼ਕਤੀਆਂ ਸੌਂਪ ਦਿੱਤੀਆਂ ਸਨ। ਇਹ ਕੌਂਸਲ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਤੋਂ ਕੰਮ ਕਰਦੀ ਹੈ। ਇਸਨੂੰ ਹੀ ਯਮਨ ਦੀ ਅਧਿਕਾਰਤ ਸਰਕਾਰ ਮੰਨਿਆ ਜਾਂਦਾ ਹੈ।ਹਾਲਾਂਕਿ, ਯਮਨ ਦੀ ਜ਼ਿਆਦਾਤਰ ਆਬਾਦੀ ਹੂਤੀ ਬਾਗੀਆਂ ਦੇ ਕੰਟਰੋਲ ਹੇਠ ਰਹਿੰਦੀ ਹੈ। ਉਨ੍ਹਾਂ ਦਾ ਸੰਗਠਨ ਦੇਸ਼ ਦੇ ਉੱਤਰੀ ਹਿੱਸੇ ਵਿੱਚ ਟੈਕਸ ਵਸੂਲਦਾ ਹੈ ਅਤੇ ਆਪਣੀ ਮੁਦਰਾ ਵੀ ਛਾਪਦਾ ਹੈ।ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਹੂਤੀ ਅੰਦੋਲਨ ਦੇ ਮਾਹਰ ਅਹਿਮਦ ਅਲ-ਬਹਿਰੀ ਦੇ ਹਵਾਲੇ ਨਾਲ ਕਿਹਾ ਸੀ ਕਿ 2010 ਤੱਕ ਹੂਤੀ ਬਾਗੀਆਂ ਕੋਲ 100,000 ਤੋਂ 120,000 ਸਮਰਥਕ ਸਨ। ਇਨ੍ਹਾਂ ਵਿੱਚ ਹਥਿਆਰਬੰਦ ਲੜਾਕੂ ਅਤੇ ਨਿਹੱਥੇ ਸਮਰਥਕ ਸ਼ਾਮਲ ਵੀ ਸਨ।ਸੰਯੁਕਤ ਰਾਸ਼ਟਰ ਦਾ ਇਹ ਵੀ ਕਹਿਣਾ ਹੈ ਕਿ ਹੂਤੀ ਬਾਗੀਆਂ ਨੇ ਬੱਚਿਆਂ ਨੂੰ ਵੀ ਭਰਤੀ ਕੀਤਾ ਸੀ, ਜਿਨ੍ਹਾਂ ਵਿੱਚੋਂ 1,500 ਬੱਚੇ 2020 ਵਿੱਚ ਲੜਾਈ ਵਿੱਚ ਮਾਰੇ ਗਏ ਸਨ ਅਤੇ ਅਗਲੇ ਸਾਲ ਕੁਝ ਸੌ ਹੋਰ ਬੱਚੇ ਮਾਰੇ ਗਏ ਸਨ।ਹੂਤੀ ਲਾਲ ਸਾਗਰ ਦੇ ਇੱਕ ਵੱਡੇ ਤੱਟਵਰਤੀ ਖੇਤਰ ਨੂੰ ਕੰਟਰੋਲ ਕਰਦੇ ਹਨ। ਅਤੇ ਇੱਥੋਂ ਹੀ ਉਹ ਸਮੁੰਦਰੀ ਜਹਾਜ਼ਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ।ਯੂਰਪੀਅਨ ਇੰਸਟੀਚਿਊਟ ਆਫ਼ ਪੀਸ ਦੇ ਮਾਹਰ ਹਿਸ਼ਾਮ ਅਲ-ਓਮੇਸੀ ਦਾ ਕਹਿਣਾ ਹੈ ਕਿ ਇਨ੍ਹਾਂ ਹਮਲਿਆਂ ਨਾਲ ਉਨ੍ਹਾਂ ਨੂੰ ਸਾਊਦੀ ਅਰਬ ਨਾਲ ਚੱਲ ਰਹੀ ਸ਼ਾਂਤੀ ਵਾਰਤਾ ਵਿੱਚ ਆਪਣਾ ਪੱਲੜਾ ਭਾਰੀ ਕਰਨ ’ਚ ਮਦਦ ਮਿਲੀ ਹੈ।ਉਹ ਕਹਿੰਦੇ ਹਨ, ਇਹ ਦਿਖਾ ਕੇ ਕਿ ਬਾਬ-ਅਲ-ਮੰਦਬ ਭਾਵ ਲਾਲ ਸਾਗਰ ਨੂੰ ਜਾਣ ਵਾਲੇ ਤੰਗ ਸਮੁੰਦਰੀ ਰਸਤੇ ਨੂੰ ਬੰਦ ਕਰ ਸਕਦੇ ਹਨ, ਉਨ੍ਹਾਂ ਨੇ ਸਾਊਦੀ ਅਰਬ ’ਤੇ ਰਿਆਇਤਾਂ ਦੇਣ ਲਈ ਦਬਾਅ ਵਧਾ ਦਿੱਤਾ ਹੈ।

# ਪੰਜਾਬ, ਹਰਿਆਣਾ ਤੇ ਦਿੱਲੀ ਤੋਂ ਬਾਅਦ ਮਹਾਰਾਸ਼ਟਰ ਦੀਆਂ ਸਿੱਖ ਸੰਗਤਾਂ ਨੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਆਪਹੁਦਰੇ ਹਟਾਉਣ ਦੇ ਫ਼ੈਸਲੇ ਖਿਲਾਫ ਬੁਲੰਦ ਕੀਤੀ ਆਵਾਜ਼

**ਸਿਆਸਤ ਤੋਂ ਪ੍ਰੇਰਿਤ ਫ਼ੈਸਲੇ ਵਾਪਸ ਨਾ ਲਏ ਤਾਂ 28 ਦੇ ਘਿਰਾਓ 'ਚ ਹੋਵਾਂਗੇ ਸ਼ਾਮਿਲ : ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ, ਸੁਪਰੀਮ ਕੌਂਸਲ ਆਫ ਨਵੀਂ ਮੁੰਬਈ ਗੁਰਦੁਆਰਾ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਪੰਥਕ ਇਕੱਠ ਵਿੱਚ ਪਾਸ ਕੀਤੇ ਗਏ ਮਤਿਆਂ ਨਾਲ ਜਤਾਈ ਸਹਿਮਤੀ।**




ਅੰਮ੍ਰਿਤਸਰ : ਪੰਜਾਬ ਅਤੇ ਹਰਿਆਣਾ ਤੋਂ ਬਾਅਦ ਮਹਾਰਾਸ਼ਟਰ ਦੀਆਂ ਸਿੱਖ ਸੰਗਤਾਂ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਸੰਬੰਧੀ ਲਏ ਗਏ ਆਪਹੁਦਰੇ ਫ਼ੈਸਲੇ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਅੱਜ ਸੁਪਰੀਮ ਕੌਂਸਲ ਆਫ ਨਵੀਂ ਮੁੰਬਈ ਗੁਰਦੁਆਰਾ ਦੇ ਚੇਅਰਮੈਨ ਭਾਈ ਜਸਪਾਲ ਸਿੰਘ ਸਿੱਧੂ ਦੀ ਅਗਵਾਈ 'ਚ ਸਮੂਹ ਸਿੱਖ ਸੰਗਤ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਜਥੇਦਾਰਾਂ ਬਾਰੇ ਲਏ ਗਏ ਫ਼ੈਸਲਿਆਂ ਨੂੰ ਵਾਪਸ ਲੈ ਕੇ ਮੁੜ ਤੋਂ ਪਹਿਲਾਂ ਵਾਲੇ ਜਥੇਦਾਰਾਂ ਨੂੰ ਪਦਵੀਆਂ 'ਤੇ ਬਹਾਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਪੰਥਕ ਇਕੱਠ ਵਿੱਚ ਪਾਸ ਕੀਤੇ ਗਏ ਮਤਿਆਂ ਨਾਲ ਇੱਕਜੁੱਟਤਾ ਵਿੱਚ ਖੜ੍ਹੇ ਹਾਂ। ਅਤੇ ਜਥੇਦਾਰਾਂ ਦਾ ਸਤਿਕਾਰ ਬਹਾਲ ਨਾ ਕੀਤਾ ਗਿਆ ਤਾਂ 28 ਮਾਰਚ ਨੂੰ ਸ. ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਸ਼੍ਰੋਮਣੀ ਕਮੇਟੀ ਦੇ ਕੀਤੇ ਜਾਣ ਵਾਲੇ ਘਿਰਾਓ ਵਿਚ ਸ਼ਮੂਲੀਅਤ ਕੀਤੀ ਜਾਵੇਗੀ।

ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਲਿਖਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥਕ ਏਕਤਾ ਅਤੇ ਪਵਿੱਤਰਤਾ ਪ੍ਰਤੀ ਬਹੁਤ ਸਤਿਕਾਰ ਅਤੇ ਡੂੰਘੀ ਚਿੰਤਾ ਨਾਲ,ਅਸੀਂ, ਨਵੀਂ ਮੁੰਬਈ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ, ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੁਆਰਾ ਲਏ ਗਏ ਫ਼ੈਸਲੇ ਅਨੁਸਾਰ ਤਖ਼ਤ ਸਾਹਿਬਾਨਾਂ ਵਿਖੇ ਜਥੇਦਾਰਾਂ ਦੀਆਂ ਹਾਲੀਆ ਨਿਯੁਕਤੀਆਂ ਅਤੇ ਹਟਾਏ ਜਾਣ ਸੰਬੰਧੀ ਆਪਣੇ ਸਖ਼ਤ ਇਤਰਾਜ਼ ਪ੍ਰਗਟ ਕਰਨ ਲਈ ਲਿਖ ਰਹੇ ਹਾਂ। ਸਿੱਖ ਸੰਗਤ ਆਸ ਕਰਦੀ ਹੈ ਕਿ ਜਥੇਦਾਰਾਂ ਦੀ ਨਿਯੁਕਤੀ ਅਤੇ ਹਟਾਉਣ ਦੀ ਜਾਇਜ਼ਤਾ ਅਤੇ ਪ੍ਰਕਿਰਿਆ ਗੁਰਮਤਿ ਪਰੰਪਰਾਵਾਂ ਅਤੇ ਪੰਥਕ ਭਾਵਨਾਵਾਂ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਭਾਈ ਕੁਲਦੀਪ ਸਿੰਘ ਗੜਗੱਜ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਅਤੇ ਬਾਬਾ ਟੇਕ ਸਿੰਘ ਧਨੌਲਾ ਦੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤੀ ਨੂੰ ਸਪਸ਼ਟ ਤੌਰ @ਤੇ ਰੱਦ ਕਰਦੇ ਹਾਂ। ਰਾਜਨੀਤਿਕ ਤੌਰ @ਤੇ ਪ੍ਰੇਰਿਤ ਨਿਯੁਕਤੀਆਂ ਸਿੱਖ ਪਰੰਪਰਾਵਾਂ ਜਾਂ ਪੰਥਕ ਕਦਰਾਂ-ਕੀਮਤਾਂ ਨਾਲ ਮੇਲ ਨਹੀਂ ਖਾਂਦੀਆਂ, ਅਤੇ ਸਾਡੇ ਤਖ਼ਤਾਂ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਇਨ੍ਹਾਂ ਨੂੰ ਹਟਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਪਹਿਲਾਂ ਨਿਯੁਕਤ ਕੀਤੇ ਗਏ ਜਥੇਦਾਰਾਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਲਈ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਲਾਗੂ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਤਖ਼ਤ ਜਥੇਦਾਰਾਂ ਦੀਆਂ ਨਿਯੁਕਤੀਆਂ ਜਾਂ ਹਟਾਉਣ ਸੰਬੰਧੀ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਸਾਰੀਆਂ ਸਿੱਖ ਸੰਸਥਾਵਾਂ, ਸੰਤ ਸਮਾਜ, ਨਿਹੰਗ ਸਿੰਘ ਸੰਪਰਦਾਵਾਂ ਅਤੇ ਪੰਥਕ ਬੁੱਧੀਜੀਵੀਆਂ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਪੰਥਕ ਮਾਮਲਿਆਂ ਵਿੱਚ ਭਵਿੱਖ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਨੂੰ ਰੋਕਣ ਲਈ ਇੱਕ ਲਿਖਤੀ, ਢਾਂਚਾ ਗਤ ਪ੍ਰਕਿਰਿਆ ਭਾਵ ਵਿਧੀ ਵਿਧਾਨ ਦਾ ਖਰੜਾ ਤਿਆਰ ਕਰਨ ਦੀ ਅਪੀਲ ਕੀਤੀ । ਸਿੱਖ ਪੰਥ ਦੀ ਇੱਛਾ ਦਾ ਸਤਿਕਾਰ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਕਮੇਟੀ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਉਹ 28 ਮਾਰਚ, 2025 ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਸੈਸ਼ਨ ਤੋਂ ਪਹਿਲਾਂ ਆਪਣੇ ਫ਼ੈਸਲੇ @ਤੇ ਮੁੜ ਵਿਚਾਰ ਕਰਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੰਥਕ ਹਿੱਤਾਂ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਵੱਲੋਂ ਸਖ਼ਤ ਵਿਰੋਧ ਹੋ ਸਕਦਾ ਹੈ, ਜਿਸ ਵਿੱਚ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਅਤੇ ਪੰਥਕ ਬਾਈਕਾਟ ਸ਼ਾਮਲ ਹਨ।

# ਘਵੱਦੀ ਦੇ ਨਿਵਾਸੀਆਂ ਵਲੋਂ ਹੋਲਾ ਮਹੱਲਾ ਮੌਕੇ ਲਗਾਇਆ 100 ਸਾਲਾਂ ਤੋਂ ਰਿਵਾਇਤੀ, 10 ਦਿਨਾਂ ਦਾ ਵਿਸ਼ਾਲ ਲੰਗਰ ਹੋਇਆ ਸੰਪੰਨ

## ਪ੍ਰਧਾਨ ਬਾਬਾ ਗੁਰਸੇਵਕ ਸਿੰਘ ਅਤੇ ਸਰਪੰਚ ਜਗਦੀਪ ਸਿੰਘ ਕਾਲਾ ਹੋਰਾਂ ਸਮੂਹ ਸੰਗਤਾਂ ਅਤੇ ਦਾਨੀਆਂ ਦਾ ਕੀਤਾ ਧੰਨਵਾਦ




ਲੁਧਿਆਣਾ/ਸੰਗਰੂਰ, 18 ਮਾਰਚ (ਸੁਨੀਲ ਕੁਮਾਰ ਗੁੰਦ): ਸਮੂਹ ਨਗਰ ਨਿਵਾਸੀ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਘਵੱਦੀ (ਜ਼ਿਲ੍ਹਾ ਲੁਧਿਆਣਾ) ਦੇ ਨਹਿਰ ਪੁੱਲ ਤੇ ਹੋਲਾ ਮਹੱਲਾ ਮੇਲੇ ਨੂੰ ਮੁੱਖ ਰੱਖਦਿਆਂ ਇੱਕ ਹਫਤਾ ਦੇ ਕਰੀਬ ਸੰਗਤਾਂ ਦੀ ਸਹੂਲਤ ਲਈ ਗੁਰੂ ਦਾ ਲੰਗਰ ਚਲਾਇਆ ਗਿਆ । ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਜਗਰੂਪ ਸਿੰਘ ਜਰਖੜ ਹੋਰਾਂ ਦੱਸਿਆ ਕਿ ਇਸ ਵਿਸ਼ਾਲ ਲੰਗਰ ਦੀ ਆਰੰਭਤਾ 9 ਮਾਰਚ ਨੂੰ ਹੋਈ ਸੀ ਜਦਕਿ ਇਸਦੀ ਸੰਪੂਰਨਤਾ ਅੱਜ ਹੋਈ ਹੈ। ਇਹ ਗੁਰੂ ਦਾ ਲੰਗਰ 100 ਸਾਲ ਤੋਂ ਪਰਾਣਾ ਪਿੰਡ ਘਵੱਦੀ ਦੇ ਵੱਡੇ ਵਡੇਰਿਆਂ ਬਜ਼ੁਰਗਾਂ ਵੱਲੋਂ ਲਾਇਆ ਜਾਂਦਾ ਆ ਰਿਹਾ ਹੈ, ਜਿਸ ਦੀ ਰਿਵਾਇਤ ਹੁਣ ਵੀ ਜਾਰੀ ਹੈ। ਇਸ ਵਿੱਚ ਹੋਲਾ ਮੁਹੱਲਾ,ਗੁਰਦੁਆਰਾ ਰਾੜਾ ਸਾਹਿਬ ਅਤੇ ਹੋਰ ਆਲੇ ਦੁਆਲੇ ਨੂੰ ਆਉਣ ਅਤੇ ਜਾਣ ਵਾਲੀਆਂ ਸੰਗਤਾਂ ਦੇ ਸਹੂਲਤ ਲਈ ਪ੍ਰਸ਼ਾਦਾ , ਦਾਲ,ਰੋਟੀ ਚਾਹ ਪਕੌੜੇ ਆਦਿ ਦਾ ਲੰਗਰ ਲਾਇਆ ਗਿਆ। ਇਸ ਲੰਗਰ ਲਈ ਜਿੱਥੇ ਪਿੰਡ ਦੇ ਪ੍ਰਮੁੱਖ ਪਤਵੰਤਿਆਂ ਨੇ ਤਨ ਮਨ ਧਨ ਸਹਾਇਤਾ ਕੀਤੀ ਉਥੇ ਵਿਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਵੀਰਾਂ ਨੇ ਵੀ ਦਿਲ ਖੋਲ ਕੇ ਧਨ ਦੀ ਸੇਵਾ ਕੀਤੀ। ਇਹ ਲੰਗਰ ਸੰਗਤਾਂ ਦੀ ਸਹੂਲਤ ਲਈ ਹਰ ਸਾਲ ਇੱਕ ਹਫਤੇ ਤੋਂ ਵੱਧ ਸਮੇਂ ਲਈ ਲਾਇਆ ਜਾਂਦਾ ਹੈ । ਇਸ ਮੌਕੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਵੱਲੋਂ ਵੀ ਲੰਗਰ ਲਈ ਵਿਸ਼ੇਸ਼ ਯੋਗਦਾਨ ਦਿੱਤਾ ਜਾਂਦਾ ਹੈ । ਇਸ ਮੌਕੇ ਗੁਰਦੁਵਾਰਾ ਕਮੇਟੀ ਦੇ ਪ੍ਰਧਾਨ ਬਾਬਾ ਗੁਰਸੇਵਕ ਸਿੰਘ ਅਤੇ ਸਾਬਕਾ ਸਰਪੰਚ ਜਗਦੀਪ ਸਿੰਘ ਕਾਲਾ ਨੇ ਆਈਆਂ ਸਮੂਹ ਸੰਗਤਾਂ, ਦਾਨੀ ਵੀਰਾ ਅਤੇ ਐਨਆਰ ਆਈ ਵੀਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਜਿਨਾਂ ਨੇ ਇਸ ਵਡਮੁੱਲੇ ਕਾਰਜ ਨੂੰ ਸਫਲ ਕਰਨ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਇਸ ਮੌਕੇ ਪ੍ਰਧਾਨ ਬਲਜਿੰਦਰ ਸਿੰਘ ਫੌਜੀ, ਅੰਮ੍ਰਿਤ ਸਿੰਘ ਰੋਮੀ ,ਜੀਤੀ ਪੰਚ , ਪ੍ਰਧਾਨ ਜੋਰਾ ਸਿੰਘ , ਡਾਕਟਰ ਬਲਵਿੰਦਰ ਸਿੰਘ ਨੀਲਾ, ਪ੍ਰਧਾਨ ਸਵਰਨ ਸਿੰਘ ਫੌਜੀ, ਰਾਜਾ ਫੌਜੀ, ਲਾਲ ਸਿੰਘ, ਚੌਧਰੀ ਪਰਮਜੀਤ ਸਿੰਘ , ਹਰਚੰਦ ਸਿੰਘ, ਪੱਪੀ ਬਾਬਾ ਬੂਟਾ ਸਿੰਘ ਜਰਮਨ ,ਦਰਸ਼ਨ ਸਿੰਘ ਫੌਜੀ, ਲੰਬੜਦਾਰ ਕਮਲਜੀਤ ਸਿੰਘ ਸੁਖਵਿੰਦਰ ਸਿੰਘ ਟੀਟੂ ,ਬਲਜੀਤ ਸਿੰਘ ਪਾਂਡੀ ,ਹਰਜੀਤ ਸਿੰਘ ਇਲੈਕਟਰੀਸਨ ,ਕੁਲਦੀਪ ਸਿੰਘ ਥਾਣੇਦਾਰ, ਗੁਰਪ੍ਰੀਤ ਸਿੰਘ ਗੋਪੀ, ਕੁਲਵਿੰਦਰ ਸਿੰਘ ਥਾਣੇਦਾਰ ,ਪ੍ਰਧਾਨ ਅਮਰੀਕ ਸਿੰਘ ,ਹਰਦਿਆਲ ਸਿੰਘ ਮੀਤਾ , ਜਗਦੀਪ ਸਿੰਘ ਆਸਟਰੇਲੀਆ, ਗੁਰਨਾਮ ਸਿੰਘ ਕਨੇਡਾ, ਸਰਬਜੀਤ ਸਿੰਘ , ਰਾਜ ਸਿੰਘ ਕਨੇਡਾ, ਹਰਭਜਨ ਸਿੰਘ ਗਿੱਲ, ਹਰਵਿੰਦਰ ਸਿੰਘ ਗਿੱਲ ਰਣਧੀਰ ਸਿੰਘ ਧੀਰਾ , ਦਵਿੰਦਰ ਸਿੰਘ, ਜਗਦੀਪ ਸਿੰਘ, ਅਕਾਲ ਕਰਨ, ਚੌਧਰੀ, ਚਰਨਜੀਤ ਸਿੰਘ, ਕਾਲਾ ਹਲਵਾਈ, ਪ੍ਰੀਤ ਪੰਚ, ਭਰਪੂਰ ਸਿੰਘ ਕਲਕੱਤਾ, ਕੁਲਦੀਪ ਸਿੰਘ, ਗਗਨ ਕਾਰਗੋ, ਸੁਰਜੀਤ ਸਿੰਘ ਪੰਚ, ਡਾਕਟਰ ਗੁਰਜੀਤ ਸਿੰਘ ਖਜਾਨਚੀ ,ਪ੍ਰਧਾਨ ਰਾਜੂ , ਗੁਰਮੀਤ ਸਿੰਘ ਗੀਤੀ ਸਰਪੰਚ ,ਅਮਰਿੰਦਰ ਸਿੰਘ, ਲਖਬੀਰ ਸਿੰਘ ਲਖੀ ਜਸਬੀਰ ਸਿੰਘ ਜੱਸੀ , ਮੋਹਣਾ ਫੌਜੀ ਆਦਿ ਇਲਾਕੇ ਦੇ ਪਤਵੰਤੇ ਇਸ ਲੰਗਰ ਦੀ ਸੇਵਾ ਦੌਰਾਨ ਵੱਡੀ ਗਿਣਤੀ ਵਿੱਚ ਹੋਰ ਲੋਕਾਂ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਸਰਪੰਚ ਜਗਦੀਪ ਸਿੰਘ ਕਾਲਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਅਗਲੇ ਵਰ੍ਹੇ ਇਸ ਗੁਰੂ ਦੇ ਲੰਗਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਹੋਰ ਵੱਡੇ ਪੱਧਰ ਤੇ ਚਲਾਏ ਜਾਣ ਦਾ ਜਤਨ ਕੀਤਾ ਜਾਵੇਗਾ।

# ਹਿਮਾਚਲ ’ਚ ਨਿਸ਼ਾਨ ਸਾਹਿਬ ਅਤੇ ਸੰਤਾਂ ਦੀ ਤਸਵੀਰ ਦਾ ਅਪਮਾਨ ਕਰਨ ਵਾਲੇ ਅਨਸਰ ਬਾਜ ਆਉਣ

## 28 ਮਾਰਚ ਦੇ ਪ੍ਰੋਗਰਾਮ ਲਈ ਸੰਗਤ ਵਿਚ ਭਾਰੀ ਉਤਸ਼ਾਹ: ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

ਚੌਕ ਮਹਿਤਾ : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਵੀਂ ਨਿਯੁਕਤੀ ਰੱਦ ਕਰਨ ਅਤੇ ਪੁਰਾਣਿਆਂ ਦੀ ਬਹਾਲੀ ਲਈ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ, ਸ੍ਰੀ ਅੰਮ੍ਰਿਤਸਰ ਪਹੁੰਚਣ ਦਾ ਜੋ ਪ੍ਰੋਗਰਾਮ ਉਲੀਕਿਆ ਗਿਆ ਹੈ ਉਸ ਪ੍ਰਤੀ ਪੰਥ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫ਼ੈਸਲਾ ਅਟੱਲ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਥਕ ਇਕੱਠ ਦੌਰਾਨ ਉਲੀਕੇ ਗਏ ਪ੍ਰੋਗਰਾਮ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਸਿੱਖ ਸੰਗਤਾਂ ਨੂੰ ਰੋਸ ਧਰਨੇ ਵਾਲੇ ਵੱਡੇ ਪੰਥਕ ਇਕੱਠ ਵਿਚ ਹੁਮ ਹੁਮਾ ਕੇ ਅਤੇ ਕੇਸਰੀ ਕੇਸਰੀ ਨਿਸ਼ਾਨ ਸਾਹਿਬ ਲਾ ਕੇ ਪੰਜਾਬ ਦੇ ਕੋਨੇ ਕੋਨੇ ਦੇ ਵਿੱਚੋਂ ਗੱਡੀਆਂ ਕਾਰਾਂ ਨਾਲ ਕਾਫ਼ਲਿਆਂ ਦੇ ਰੂਪ ਵਿੱਚ ਵਹੀਰਾਂ ਘਤ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਗੋਲਡਨ ਗੇਟ ਵਿਖੇ 11 ਵਜੇ ਤੋਂ ਪਹਿਲਾਂ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਉੱਥੋਂ 12 ਵਜੇ ਸੰਤ ਸਮਾਜ ਦੇ ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ ਨਾਲ ਕਾਫ਼ਲੇ ਦੇ ਰੂਪ ਵਿਚ ਪਰ ਸ਼ਾਂਤਮਈ ਤਰੀਕੇ ਸ਼੍ਰੋਮਣੀ ਕਮੇਟੀ ਦਫ਼ਤਰ ਸ. ਤੇਜਾ ਸਿੰਘ ਸਮੁੰਦਰੀ ਹਾਲ, ਪਹੁੰਚਿਆ ਜਾਵੇਗਾ। ਜਿੱਥੇ ਬਜਟ ਇਜਲਾਸ ’ਚ ਸ਼ਾਮਿਲ ਹੋਣ ਆਏ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਇਸ ਗੱਲ ਲਈ ਮਜਬੂਰ ਕੀਤਾ ਜਾਵੇਗਾ ਕਿ ਉਹ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰਾਂ ਬਾਰੇ ਲਏ ਗਏ ਗ਼ਲਤ ਤੇ ਪੰਥ ਵਿਰੋਧੀ ਫ਼ੈਸਲੇ ਨੂੰ ਬਦਲਣ ਲਈ ਇਕ ਸੁਰ ਹੋਣ ਅਤੇ ਮਨ ਮਰਜ਼ੀ ਨਾਲ ਹਟਾਏ ਜਥੇਦਾਰਾਂ ਨੂੰ ਮੁੜ ਬਹਾਲ ਕਰਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਸੰਗਤਾਂ ਦੀ ਸ਼ਮੂਲੀਅਤ ਅਤੇ ਸੁਵਿਧਾਵਾਂ ਵਾਸਤੇ ਵੱਖ-ਵੱਖ ਇਲਾਕਿਆਂ ਵਿੱਚੋਂ ਸਿੰਘਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨਾਂ ਨੂੰ ਲਵਾਉਣ ਅਤੇ ਸੇਵਾ ਮੁਕਤੀ ਜਾਂ ਵਿਦਾਇਗੀ ਦੇਣ ਲਈ ਸਨਮਾਨ ਜਨਕ ਕੋਈ ਵਿਧੀ ਵਿਧਾਨ ਬਣਨਾ ਚਾਹੀਦਾ ਹੈ। ਜਿਸ ਦੀ ਮੰਗ ਸ਼੍ਰੋਮਣੀ ਕਮੇਟੀ ਅੱਗੇ ਰੱਖੀ ਜਾਵੇਗੀ। ਉਨ੍ਹਾਂ ਕਿਹਾ ਦਿੱਲੀ, ਰਾਜਸਥਾਨ , ਹਰਿਆਣਾ ਤੋਂ ਇਲਾਵਾ ਮਹਾਂਰਾਸ਼ਟਰ ਤੋਂ ਵੀ ਸੰਗਤਾਂ ਆਪੋ ਆਪਣੇ ਸਾਧਨਾਂ ਰਾਹੀਂ ਪਹੁੰਚਣ ਵਾਸਤੇ ਤਿਆਰ ਬਰ ਤਿਆਰ ਬੈਠੀਆਂ ਹਨ। ਪਰ ਅੰਮ੍ਰਿਤਸਰ ਦੀਆਂ ਸੰਗਤਾਂ ਦੀ ਵਿਸ਼ੇਸ਼ ਸ਼ਮੂਲੀਅਤ ਹੋਣੀ ਚਾਹੀਦੀ ਹੈ ਅਤੇ ਸ਼ਹਿਰ ਦੀ ਸੰਗਤ ਨੂੰ ਪੰਜਾਬ ਤੋਂ ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਸਨਮਾਨ ਵੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਡਾ ਪ੍ਰੋਗਰਾਮ ਪੂਰਨ ਰੂਪ ਦੇ ਵਿੱਚ ਸ਼ਾਂਤਮਈ ਹੋਏਗਾ। ਉਨ੍ਹਾਂ ਨਿਹੰਗ ਸਿੰਘ ਜਥੇਬੰਦੀਆਂ, ਸੰਤ ਸਮਾਜ, ਖ਼ਾਲਸਾ ਦੀਵਾਨ, ਸਿੱਖ ਜਥੇਬੰਦੀਆਂ, ਸਿੱਖ ਫੈਡਰੇਸ਼ਨਾਂ ਅਤੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਪੁਰਜ਼ੋਰ ਸ਼ਮੂਲੀਅਤ ਦੀ ਅਪੀਲ ਕੀਤੀ।




ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਹਿਮਾਚਲ ਪੁਲਿਸ ਅਤੇ ਸਰਕਾਰ ਨੂੰ ਸਿੱਖੀ ਦੇ ਨਿਸ਼ਾਨ ਸਾਹਿਬ ਅਤੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੇ ਝੰਡਿਆਂ ਦਾ ਨਿਰਾਦਰ ਕਰਨ ਅਤੇ ਪੰਜਾਬ ਤੋਂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਨੂੰ ਜਾ ਰਹੇ ਨੌਜਵਾਨ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਕਿਹਾ ਕਿ ਹਿਮਾਚਲ ਦੀ ਸਰਕਾਰ ਨੇ ਸਿੱਖ ਨੌਜਵਾਨ ਨਾਲ ਧੱਕੇਸ਼ਾਹੀ ਕਰਨ ਵਾਲੇ ਸਥਾਨਕ ਵਸਨੀਕਾਂ ਅਤੇ ਪੁਲੀਸ ਅਧਿਕਾਰੀਆਂ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਉਲਟਾ ਪੰਜਾਬ ਦੇ ਨੌਜਵਾਨਾਂ ’ਤੇ ਪਰਚੇ ਕਰਕੇ ਵੱਡੀ ਧੱਕੇਸ਼ਾਹੀ ਕੀਤੀ ਹੈ। ਜਿਸ ਦੀ ਮੈਂ ਭਰਪੂਰ ਨਿੰਦਿਆ ਕਰਦਾ ਹਾਂ ਔਰ ਹਿਮਾਚਲ ਸਰਕਾਰ ਨੂੰ ਸਾੜਨਾ ਕਰਦਾ ਇਹੋ ਜਿਹੇ ਮਾਹੌਲ ਨੂੰ ਭੜਕਾਉਣ ਦਾ ਯਤਨ ਨਾ ਕਰਨ, ਦੇਸ਼ ਦੇ ਵਿੱਚ ਹਰ ਇੱਕ ਨੂੰ ਦੇਸ਼ ਵਿੱਚ ਹਰ ਨਾਗਰਿਕ ਬਰਾਬਰਤਾ ਦਾ ਅਧਿਕਾਰ ਰੱਖਦਾ ਹੈ। ਬਾਕੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਕੌਮ ਦੀ ਧਾਰਮਿਕ ਸ਼ਖ਼ਸੀਅਤ ਸੀ। ਉਹਨਾਂ ਨੇ ਕੌਮ ਦੇ ਹੱਕਾਂ ਲਈ ਜੰਗ ਲੜੀ। ਦੂਜੀ ਗੱਲ ਉਹਨਾਂ ਨੇ ਹਮੇਸ਼ਾ ਹਰ ਧਰਮ ਦਾ ਸਤਿਕਾਰ ਕੀਤਾ। ਉਹਨਾਂ ਨੇ ਹਿੰਦੂ ਧਰਮ ਅਤੇ ਮੁਸਲਮਾਨ ਧਰਮ ਦਾ ਵੀ ਸਤਿਕਾਰ ਕੀਤਾ। ਕੁਝ ਵਿਅਕਤੀ ਉਹਨਾਂ ਦੀ ਸ਼ਖ਼ਸੀਅਤ ਪ੍ਰਤੀ ਨਫ਼ਰਤ ਤੇ ਕੂੜ ਨਾਲ ਭਰਿਆ ਪ੍ਰਚਾਰ ਕਰ ਰਹੇ ਹਨ। ਜਿਹੜੀ ਸ਼ਖ਼ਸੀਅਤ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਚ ਪਵਿੱਤਰ ਯਾਦਗਾਰ ਗੁਰ ਅਸਥਾਨ ਬਣ ਚੁੱਕੇ ਹੈ, ਜਿੱਥੇ ਹਰ ਪ੍ਰਾਣੀ ਮਾਤਰ ਜਾ ਕੇ ਨਤਮਸਤਕ ਹੁੰਦਾ ਹੈ। ਉਹ ਸਿੱਖਾਂ ਲਈ ਹਮੇਸ਼ਾ ਹੀ ਸਰਬ ਪ੍ਰਵਾਨਿਤ ਔਰ ਹਰ ਸਿੱਖ ਦਾ ਸਿਰ ਉਹਨਾਂ ਵੀ ਕੁਰਬਾਨੀ ਅੱਗੇ ਝੁਕਦਾ ਹੈ। ਉਨ੍ਹਾਂ ਹਿਮਾਚਲ ਸਰਕਾਰ ਨੂੰ ਹਾਲਾਤ ਖ਼ਰਾਬ ਨਾ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਗੁਆਂਢੀ ਰਾਜ ਹਿਮਾਚਲ, ਹਰਿਆਣਾ ਅਤੇ ਰਾਜਸਥਾਨ ਸਭ ਦਾ ਪੰਜਾਬ ਨਾਲ ਗਹਿਰੇ ਰਿਸ਼ਤੇ ਹਨ। ਜਿੱਥੇ ਗੁਰੂ ਦੇ ਸਿੱਖ ਗੁਰਧਾਮਾਂ ਦੀ ਯਾਤਰਾ ਕਰਨ ਜਾਂਦਾ ਹਨ ਜਾਂ ਪਹਾੜਾਂ ਦੇ ਵਿੱਚ ਕਈ ਵਾਰੀ ਸੈਰ ਕਰਨ ਵੀ ਜਾਂਦੇ ਹਨ। ਉਹਨਾਂ ਨੂੰ ਬਿਨਾਂ ਰੋਕ ਟੋਕ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ। ਹਿਮਾਚਲ ਵਾਲਿਆਂ ਨੂੰ ਇਨ੍ਹਾਂ ਹਰਕਤ ਤੋਂ ਬਾਜ ਆਉਣ ਦੀ ਨਸੀਹਤ ਦਿੰਦਿਆਂ ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਵਿੱਚ ਬਹੁਤ ਰੋਸ ਹੈ। ਮੈਂ ਮੁੱਖ ਮੰਤਰੀ ਹਿਮਾਚਲ ਦੇ ਨੂੰ ਕਹਿਣਾ ਚਾਹੁੰਦਾ ਕਿ ਜਿਹੜੇ ਅਫ਼ਸਰਾਂ ਨੇ ਸਿੱਖ ਅਤੇ ਪੰਜਾਬ ਦੇ ਨੌਜਵਾਨਾਂ ’ਤੇ ਪਰਚੇ ਕੀਤੇ ਹਨ, ਉਹ ਤੁਰੰਤ ਰੱਦ ਕੀਤੇ ਜਾਣੇ ਚਾਹੀਦੇ ਹਨ। ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਮੈਂ ਅਪੀਲ ਕਰਦਾ ਹਾਂ ਕਿ ਹਿਮਾਚਲ ਦੇ ਮੁੱਖ ਮੰਤਰੀ ਨਾਲ ਇਹ ਗੱਲ ਕਰੇ, ਨਾ ਕੇਵਲ ਹਿਮਾਚਲ ਦੇ ਵਾਹਨਾਂ ਦੀ ਸੁਰੱਖਿਆ ਲਈ ਪੁਲਿਸ ਮੁਹੱਈਆ ਕਰਾਈ ਜਾਵੇ।

# ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਹਿਮਾਚਲ ’ਚ ਸਿੱਖ ਸ਼ਰਧਾਲੂਆਂ ਨਾਲ ਬਦਸਲੂਕੀ ਦਾ ਸਖ਼ਤ ਵਿਰੋਧ



ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾਕਟਰ ਦਲਜੀਤ ਸਿੰਘ ਚੀਮਾ ਨੇ ਹਿਮਾਚਲ ਪ੍ਰਦੇਸ਼ ਅੰਦਰ ਸਿੱਖ ਵਿਰੋਧੀ ਕਾਰਵਾਈਆਂ ਦੀ ਕਰੜੀ ਨਿੰਦਾ ਕਰਦਿਆਂ ਉੱਥੋਂ ਦੀ ਸਰਕਾਰ ਨੂੰ ਫਿਰਕੂ ਅਨਸਰਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੈ।ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਬਿਆਨ ਵਿੱਚ ਐਡਵੋਕੇਟ ਧਾਮੀ ਨੇ ਆਖਿਆ ਕਿ ਸਿੱਖ ਸ਼ਰਧਾਲੂ ਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ ਸਥਿਤ ਪਾਵਨ ਗੁਰਧਾਮਾਂ ਦੇ ਦਰਸ਼ਨਾਂ ਲਈ ਅਕਸਰ ਜਾਂਦੇ ਹਨ, ਪਰ ਦੁੱਖ ਦੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼ ਸੂਬੇ ਅੰਦਰ ਸਿੱਖਾਂ ਨੂੰ ਕੁਝ ਲੋਕਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਲੋਕ ਸਿੱਖ ਯਾਤਰੂਆਂ ਦੇ ਵਾਹਨਾਂ ਉੱਤੇ ਲੱਗੇ ਨਿਸ਼ਾਨ ਸਾਹਿਬ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਵਾਲਿਆਂ ਸਮੇਤ ਹੋਰ ਸਿੱਖ ਨਾਇਕਾਂ ਦੀਆਂ ਤਸਵੀਰਾਂ ਅਤੇ ਝੰਡੇ ਜਬਰੀ ਪਾੜ ਰਹੇ ਹਨ।ਇਸ ਨਾਲ ਸਿੱਖ ਸ਼ਰਧਾਲੂਆਂ ਅੰਦਰ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਦੇਸ਼ ਹਿੱਤ ਵਿੱਚ ਨਹੀਂ। ਉਨ੍ਹਾਂ ਕਿਹਾ ਕਿ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅੱਜ ਜੇ ਦੇਸ਼ ਦਾ ਬਹੁ-ਧਰਮੀ ਤੇ ਬਹੁ-ਕੌਮੀ ਸੱਭਿਆਚਾਰ ਜ਼ਿੰਦਾ ਹੈ ਤਾਂ ਉਹ ਸਿੱਖਾਂ ਦੀਆਂ ਦੇਸ਼ ਲਈ ਸ਼ਹਾਦਤਾਂ ਦੀ ਬਦੌਲਤ ਹੈ।ਉਨ੍ਹਾਂ ਕਿਹਾ ਕਿ ਹਰ ਇੱਕ ਨੂੰ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ’ਤੇ ਪਹਿਰਾ ਦੇਣ ਅਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਪੂਰਨ ਹੱਕ ਹੈ।ਹਿਮਾਚਲ ਪ੍ਰਦੇਸ਼ ਵਿੱਚ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਉੱਥੋਂ ਦੀ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਗੰਭੀਰ ਮਾਮਲੇ ਉੱਤੇ ਚੁੱਪ ਰਹਿਣਾ ਵੀ ਸੂਬੇ ਦੇ ਲੋਕਾਂ ਵਿਰੋਧੀ ਭੁਗਤਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਲੋਕਾਂ ਦੀ ਤਰਜਮਾਨੀ ਕਰੇ ਅਤੇ ਉਨ੍ਹਾਂ ਨਾਲ ਹੋ ਰਹੇ ਧੱਕੇ ਦਾ ਮਾਮਲਾ ਹਿਮਾਚਲ ਪ੍ਰਦੇਸ਼ ਸਰਕਾਰ ਕੋਲ ਉਠਾਏ।

# ਪਹਾੜੀ ਰਾਜਾਂ ’ਚ ਸਿੱਖ ਸ਼ਰਧਾਲੂਆਂ ਤੇ ਸੈਲਾਨੀਆਂ ’ਤੇ ਹਮਲੇ ਦੀਆਂ ਵਾਰ-ਵਾਰ ਘਟਨਾਵਾਂ ਵਾਪਰਨ ਦੀ ਕੀਤੀ ਨਿਖੇਧੀ

## ਕੇਂਦਰੀ ਗ੍ਰਹਿ ਮੰਤਰੀ ਪਹਾੜੀ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਤੁਰੰਤ ਮੀਟਿੰਗ ਕਰਨ: ਡਾ. ਦਲਜੀਤ ਸਿੰਘ ਚੀਮਾ



ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਹਿਮਾਚਲ ਪ੍ਰਦੇਸ਼ ਤੇ ਹੋਰ ਪਹਾੜੀ ਰਾਜਾਂ ਵਿਚ ਬੇਰੁਖ ਭੀੜਾਂ ਵੱਲੋਂ ਪੰਜਾਬ ਤੋਂ ਸਿੱਖ ਸ਼ਰਧਾਲੂਆਂ ਤੇ ਹੋਰ ਸੈਲਾਨੀਆਂ ’ਤੇ ਵਾਰ-ਵਾਰ ਹਮਲੇ ਕੀਤੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਅਤੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ।ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਮਾਜ ਵਿਰੋਧੀ ਅਨਸਰਾਂ ਤੇ ਏਜੰਸੀਆਂ ਵੱਲੋਂ ਨਿਰੰਤਰ ਕੀਤੇ ਜਾਂਦੇ ਦੁਸ਼ਪ੍ਰਚਾਰ ਤੇ ਸਿੱਖ ਭਾਈਚਾਰੇ ਖਿਲਾਫ ਨਫਰਤੀ ਮੁਹਿੰਮ ਦਾ ਨਤੀਜਾ ਹੈ ਜਿਸਦਾ ਇਕੋ ਇਕ ਮਕਸਦ ਖਿੱਤੇ ਵਿਚ ਸ਼ਾਂਤੀ ਤੇ ਆਪਸੀ ਭਾਈਚਾਰਕ ਨੂੰ ਭੰਗ ਕਰਨਾ ਹੈ ਤਾਂ ਜੋ ਮਾੜੇ ਸਿਆਸੀ ਮਨਸੂਬਿਆਂ ਦੀ ਪੂਰਤੀ ਕੀਤੀ ਜਾ ਸਕੇ।

ਡਾ. ਚੀਮਾ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਇਸ ਸੰਵੇਦਨਸ਼ੀਲ ਮਾਮਲੇ ’ਤੇ ਸਾਰੇ ਪਹਾੜੀ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕਰਨ ਕਿਉਂਕਿ ਜੋ ਕੁਝ ਵਾਪਰ ਰਿਹਾ ਹੈ, ਉਹ ਬਹੁਤ ਹੀ ਭੜਕਾਊ ਹੈ ਤੇ ਇਸ ਨਾਲ ਗੁਆਂਢੀ ਰਾਜਾਂ ਵਿਚਾਲੇ ਚੰਗੇ ਸੰਬੰਧਾਂ ’ਤੇ ਮਾੜਾ ਅਸਰ ਪੈ ਰਿਹਾ ਹੈ। ਉਹਨਾਂ ਕਿਹਾ ਕਿ ਸਾਰੇ ਸ਼ਰਧਾਲੂਆਂ ਤੇ ਸੈਲਾਨੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਨਾਲੋ ਨਾਲ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਚਲਾ ਕੇ ਉਹਨਾਂ ਨੂੰ ਧਾਰਮਿਕ ਚਿੰਨਾਂ ਤੇ ਰਵਾਇਤਾਂ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ ਤੇ ਇਹਨਾਂ ਭੜਕਾਊ ਘਟਨਾਵਾਂ ਦੇ ਨਤੀਜਿਆਂ ਤੋਂ ਵੀ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।

# ਅੰਮ੍ਰਿਤਪਾਲ ਸਿੰਘ ਦੇ 7 ਸਹਿਯੋਗੀਆਂ ਨੇ ਪਟੀਸ਼ਨਾਂ ਵਾਪਸ ਲਈਆਂ

ਚੰਡੀਗੜ੍ਹ --ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਵੱਲੋਂ ਉਨ੍ਹਾਂ ਦੀ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀਆਂ ਸੱਤ ਪਟੀਸ਼ਨਾਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਮਾਮਲਿਆਂ ਵਿੱਚ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਨੂੰ ਦੁਬਾਰਾ ਲਾਗੂ ਨਾ ਕਰਨ ਦੇ ਫੈਸਲੇ ਤੋਂ ਬਾਅਦ ਵਾਪਸ ਲੈ ਲਈਆਂ ਗਈਆਂ ਸਨ। ਇਹ ਮਾਮਲਾ ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮੀਤ ਗੋਇਲ ਦੇ ਡਿਵੀਜ਼ਨ ਬੈਂਚ ਦੁਆਰਾ ਚੁੱਕਿਆ ਗਿਆ ਸੀ।



ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਇਸ ਸਮੇਂ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਅਧੀਨ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਹਨ। ਬੈਂਚ ਦੇ ਸਾਹਮਣੇ ਪੇਸ਼ ਹੋਣ ਲਈ ਪੰਜਾਬ ਸਰਕਾਰ ਦੁਆਰਾ ਵਿਸ਼ੇਸ਼ ਤੌਰ ’ਤੇ ਨਿਯੁਕਤ ਕੀਤੇ ਗਏ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਮੰਗਲਵਾਰ ਨੂੰ ਕਿਹਾ ਕਿ ਪਟੀਸ਼ਨਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਬੈਂਚ ਦੇ ਵਿਸਤ੍ਰਿਤ ਆਦੇਸ਼ਾਂ ਦੀ ਉਡੀਕ ਹੈ। ਪਟੀਸ਼ਨਰਾਂ ਵਿੱਚ ਕੁਲਵੰਤ ਸਿੰਘ ਰਾਊਕੇ, ਗੁਰਮੀਤ ਸਿੰਘ ਬੁੱਕਣਵਾਲਾ, ਪਪਲਪ੍ਰੀਤ ਸਿੰਘ, ਬਸੰਤ ਸਿੰਘ ਅਤੇ ਭਗਵੰਤ ਸਿੰਘ ਉਰਫ਼ ਬਾਜੇਕੇ ਸ਼ਾਮਲ ਸਨ। ਗੁਪਤਾ ਨੇ ਕਿਹਾ ਕਿ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਐਨਐਸਏ ਦੀ ਮਿਆਦ 17 ਅਪ੍ਰੈਲ ਤੋਂ 19 ਅਪ੍ਰੈਲ ਦੇ ਵਿਚਕਾਰ ਖਤਮ ਹੋ ਗਈ ਸੀ ਜਾਂ ਖਤਮ ਹੋਣ ਵਾਲੀ ਸੀ।

# ਅਕਾਲ ਤਖ਼ਤ ਦੀ ਪੰਜ ਮੈਂਬਰੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਟਕਰਾਅ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨੂੰ ਲੈ ਕੇ ਪੰਥਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੇ ਐਤਵਾਰ ਨੂੰ ਪੰਜਾਬ ਦੇ ਸਿੱਖ ਭਾਈਚਾਰੇ ਨੂੰ 18 ਮਾਰਚ ਨੂੰ ਹਰਿਮੰਦਰ ਸਾਹਿਬ ਪਹੁੰਚ ਕੇ ਮੈਂਬਰਸ਼ਿਪ ਲੈਣ ਦੀ ਅਪੀਲ ਕੀਤੀ ਹੈ। ਕਮੇਟੀ ਦੀ ਇਹ ਪੇਸ਼ਕਦਮੀ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੂੰ ਸਿੱਧੀ ਚੁਣੌਤੀ ਨਜ਼ਰ ਆ ਰਹੀ ਹੈ, ਜੋ 20 ਜਨਵਰੀ ਤੋਂ ਆਪਣੀ ਮੈਂਬਰਸ਼ਿਪ ਮੁਹਿੰਮ ਪਹਿਲਾਂ ਹੀ ਸ਼ੁਰੂ ਕਰ ਚੁੱਕਾ ਹੈ।ਕਮੇਟੀ ਦੇ ਬੁਲਾਰੇ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ, “ਅਸੀਂ ਸਾਰੇ ਸਿੱਖਾਂ, ਪੰਜਾਬੀਆਂ ਤੇ ਪੰਥ ਹਿਤੈਸ਼ੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ 18 ਮਾਰਚ ਨੂੰ ਹਰਿਮੰਦਰ ਸਾਹਿਬ ਪਹੁੰਚਣ। ਅਰਦਾਸ ਮਗਰੋਂ ਸਵੇਰੇ 11 ਵਜੇ ਤੋਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਹੋਵੇਗੀ।” ਇਸ ਕਮੇਟੀ ਵਿਚ ਮਨਪ੍ਰੀਤ ਇਆਲੀ ਤੋਂ ਇਲਾਵਾ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਸਤਵੰਤ ਕੌਰ ਤੇ ਇਕਬਾਲ ਸਿੰਘ ਝੂੰਦਾਂ ਸ਼ਾਮਲ ਹਨ। ਕਮੇਟੀ ਦਾ ਦਾਅਵਾ ਹੈ ਕਿ ਇਹ ਪਹਿਲਕਦਮੀ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਿਧਾਂਤਾਂ ਮੁਤਾਬਕ ਪੁਨਰਗਠਨ ਤੇ ਪਾਰਟੀ ਅੰਦਰ ਤਬਦੀਲੀ ਲਿਆਉਣ ਲਈ ਕੀਤੀ ਗਈ ਹੈ।ਉਧਰ ਅਕਾਲ ਤਖ਼ਤ ਦੀ ਇਸ ਪੇਸ਼ਕਦਮੀ ਨਾਲ ਸ਼੍ਰੋਮਣੀ ਅਕਾਲੀ ਦਲ ਅਸਹਿਜ ਮਹਿਸੂਸ ਕਰ ਰਿਹਾ ਹੈ। ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਇਸ ਨੂੰ ਗ਼ੈਰਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਰਜਿਸਟਰਡ ਪਾਰਟੀ ਹੈ। ਇਸ ਦੇ ਸੰਵਿਧਾਨ ਤੇ ਬਣਤਰ ਨੂੰ ਚੋਣ ਕਮਿਸ਼ਨ ਮਾਨਤਾ ਦਿੰਦਾ ਹੈ। ਕੋਈ ਵੀ ਵਿਅਕਤੀ ਜਾਂ ਸੰਗਠਨ ਇਸ ਦੇ ਨਾਮ ਤੇ ਬੈਨਰ ਹੇਠ ਬਰਾਬਰ ਮੈਂਬਰਸ਼ਿਪ ਮੁਹਿੰਮ ਨਹੀਂ ਚਲਾ ਸਕਦਾ ਤੇ ਇਹ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ।

# ਅੰਮ੍ਰਿਤਪਾਲ ਸਿੰਘ ਦੇ ਪੰਜਾਬ ਵਾਪਸ ਲਿਆਂਦੇ ਜਾ ਰਹੇ 7 ਸਾਥੀ ਕਿਹੜੇ ਹਨ, ਜਾਣੋ ਪੁਲਿਸ ਨੇ ਹੁਣ ਤੱਕ ਕੀ ਦੱਸਿਆ



ਪੰਜਾਬ ਪੁਲਿਸ ਵੱਲੋਂ ਅਮ੍ਰਿਤਪਾਲ ਸਿੰਘ ਦੀ 'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਸਬੰਧਤ ਸੱਤ ਲੋਕਾਂ ਨੂੰ ਪੰਜਾਬ ਵਾਪਸ ਲਿਆਂਦਾ ਜਾ ਰਿਹਾ ਹੈ।ਦੱਸ ਦੇਈਏ ਕਿ ਇਨ੍ਹਾਂ ਸਭਨਾਂ 'ਤੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਇਆ ਗਿਆ ਸੀ ਅਤੇ ਉਹ ਪਿਛਲੇ ਦੋ ਸਾਲਾਂ ਤੋਂ ਅਸਾਮ ਦੀ ਜੇਲ੍ਹ ਵਿੱਚ ਬੰਦ ਹਨ।ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਅਜਨਾਲਾ ਪੁਲਿਸ ਸਟੇਸ਼ਨ ਹਮਲੇ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਰਸਮੀ ਤੌਰ 'ਤੇ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।ਡੀਜੀਪੀ ਨੇ ਪੰਜਾਬ ਵਾਪਸ ਲਿਆਂਦੇ ਜਾ ਰਹੇ ਅਮ੍ਰਿਤਪਾਲ ਦੇ ਸਾਥੀਆਂ ਦੀ ਜਾਣਕਾਰੀ ਦਿੱਤੀ ਹੈ।ਇਸ ਜਾਣਕਾਰੀ ਅਨੁਸਾਰ ਬਸੰਤ ਸਿੰਘ, ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ, ਗੁਰਮੀਤ ਸਿੰਘ ਗਿੱਲ ਉਰਫ਼ ਗੁਰਮੀਤ ਬੁੱਕਣਵਾਲਾ, ਸਰਬਜੀਤ ਸਿੰਘ ਕਲਸੀ ਉਰਫ਼ ਦਲਜੀਤ ਸਿੰਘ ਕਲਸੀ, ਗੁਰਿੰਦਰਪਾਲ ਸਿੰਘ ਔਜਲਾ ਉਰਫ਼ ਗੁਰੀ ਔਜਲਾ, ਅਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਅਤੇ ਕੁਲਵੰਤ ਸਿੰਘ ਧਾਲੀਵਾਲ ਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ।ਡੀਜੀਪੀ ਮੁਤਾਬਕ ਕੇਸ ਵਿੱਚ ਜਾਂਚ ਕਾਰਵਾਈ ਨੂੰ ਸ਼ੁਰੂ ਕਰਨ ਲਈ ਅਜਨਾਲਾ ਪੁਲਿਸ ਸਟੇਸ਼ਨ ਵਿੱਚ ਦਰਜ ਐੱਫਆਈਆਰ ਨੰਬਰ 39/23 ਵਿੱਚ ਉਕਤ ਮੁਲਜ਼ਮਾਂ (ਸੱਤ ਵਿਅਕਤੀਆਂ) ਦੀ ਰਸਮੀ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ।ਅਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਸਮੇਂ ਬੀਬੀਸੀ ਦੀ ਟੀਮ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਦੇ ਰਹਿਣ ਵਾਲੇ ਇਨ੍ਹਾਂ ਲੋਕਾਂ ਦੇ ਪਰਿਵਾਰ ਅਤੇ ਪਿੰਡਵਾਸੀਆਂ ਨਾਲ ਗੱਲਬਾਤ ਕੀਤੀ ਸੀ।ਇਨ੍ਹਾਂ ਵਿੱਚੋਂ ਬਹੁਤੇ ਮੁਲਜ਼ਮ ਆਮ ਪਰਿਵਾਰਾਂ ਨਾਲ ਸਬੰਧਤ ਹਨ, ਇੱਕ ਅਦਾਕਾਰ ਹੈ ਅਤੇ ਇੱਕ ਵਿਅਕਤੀ ਅਮ੍ਰਿਤਪਾਲ ਸਿੰਘ ਦਾ ਚਾਚਾ ਹਰਜੀਤ ਸਿੰਘ ਹੈ।

**ਕੁਲਵੰਤ ਸਿੰਘ ਰਾਊਕੇ**

ਬੀਬੀਸੀ ਸਹਿਯੋਗੀ ਸੁਰਿੰਦਰ ਮਾਨ ਦੀ ਜਾਣਕਾਰੀ ਅਨੁਸਾਰ ਕੁਲਵੰਤ ਸਿੰਘ ਰਾਊਕੇ ਜ਼ਿਲ੍ਹਾ ਮੋਗਾ ਦੇ ਪਿੰਡ ਰਾਊਕੇ ਦੇ ਵਸਨੀਕ ਹਨ।ਐੱਨਐੱਸਏ ਤਹਿਤ ਨਜ਼ਰਬੰਦੀ ਤੋਂ ਪਹਿਲਾਂ ਉਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮੀਟਡ (ਪੀਐੱਸਪੀਸੀਐੱਲ)



ਵਿੱਚ ਬਤੌਰ ਕਲਰਕ ਤੈਨਾਤ ਸਨ।ਕੁਲਵੰਤ ਸਿੰਘ ਰਾਊਕੇ ਦੇ ਪਿਤਾ ਜਥੇਦਾਰ ਚੜਤ ਸਿੰਘ ਵੀ ਖਾੜਕੂ ਦੌਰ ਸਮੇਂ ਪੰਥਕ ਸਫਾਂ ਵਿੱਚ ਕਾਫੀ ਸਰਗਰਮ ਸਨ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕੁਲਵੰਤ ਸਿੰਘ ਰਾਊਕੇ ਦੇ ਪਿਤਾ ਜਥੇਦਾਰ ਚੜਤ ਸਿੰਘ ਰਾਊਕੇ ਨੂੰ 1993 ਵਿੱਚ ਉਨ੍ਹਾਂ ਘਰ ਤੋਂ ਪੁਲਿਸ ਨੇ ਕਥਿਤ ਤੌਰ 'ਤੇ ਚੁੱਕ ਲਿਆ ਸੀ ਜਿਸ ਤੋਂ ਬਾਅਦ ਉਹ ਕਦੇ ਘਰ ਵਾਪਸ ਨਹੀਂ ਪਰਤੇ।ਜਦੋਂ ਕਿਸਾਨ ਸੰਘਰਸ਼ ਵੇਲੇ ਫਿਲਮੀ ਐਕਟਰ ਦੀਪ ਸਿੱਧੂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਮੁਹਿੰਮ ਵਿੱਢੀ ਗਈ ਸੀ ਤਾਂ ਉਸ ਵੇਲੇ ਕੁਲਵੰਤ ਸਿੰਘ ਰਾਊਕੇ ਦੀਪ ਸਿੱਧੂ ਨਾਲ ਜੁੜੇ ਸਨ।ਦੀਪ ਸਿੱਧੂ ਦੀ ਮੌਤ ਤੋਂ ਬਾਅਦ ਕੁਲਵੰਤ ਸਿੰਘ ਰਾਊਕੇ 'ਵਾਰਸ ਪੰਜਾਬ ਦੇ' ਜਥੇਬੰਦੀ ਨਾਲ ਜੁੜੇ ਅਤੇ ਅਮ੍ਰਿਤਪਾਲ ਸਿੰਘ ਨਾਲ ਉਨ੍ਹਾਂ ਨੇ ਸਰਗਰਮੀਆਂ ਸ਼ੁਰੂ ਕੀਤੀਆਂ ਸਨ।

**ਬਸੰਤ ਸਿੰਘ - ਦੌਲਤਪੁਰਾ**

22 ਸਾਲਾ ਬਸੰਤ ਸਿੰਘ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਦੌਲਤਪੁਰਾ ਉੱਚਾ ਦੇ ਵਸਨੀਕ ਹਨ, ਇਨ੍ਹਾਂ ਨੂੰ ਵੀ ਪੰਜਾਬ ਪੁਲਿਸ ਨੇ ਐੱਨਐੱਸਏ ਦੇ ਤਹਿਤ ਗ੍ਰਿਫ਼ਤਾਰ ਕੀਤਾ ਹੋਇਆ ਹੈ।ਉਹ ਦਲਿਤ ਸਿੱਖ ਪਰਿਵਾਰ ਨਾਲ ਸਬੰਧਤ ਹਨ। ਉਹ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਪ੍ਰਾਈਵੇਟ ਬੈਂਕ ਲਈ ਕੰਮ ਕਰਨ ਲੱਗ ਪਏ ਸੀ। ਫਿਰ ਉਨ੍ਹਾਂ ਨੇ ਕੀਟਨਾਸ਼ਕ ਫਰਮ ਲਈ ਵੀ ਕੰਮ ਕੀਤਾ।ਅਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀਆਂ ਦੇ ਗ੍ਰਿਫ਼ਤਾਰੀ ਸਮੇਂ ਬੀਬੀਸੀ ਪੱਤਰਕਾਰ ਨੇ ਦੌਲਤਪੁਰਾ ਉੱਚਾ ਦਾ ਦੌਰਾ ਕੀਤਾ ਸੀ।ਉਸ ਸਮੇਂ ਪਿੰਡ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਸੀ ਕਿ ਉਨ੍ਹਾਂ ਦਾ ਲੜਕਾ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਘਰ ਘੱਟ ਹੀ ਆਉਂਦਾ ਸੀ।ਉਹ ਜ਼ਿਆਦਾਤਰ 'ਵਾਰਿਸ ਪੰਜਾਬ ਦੇ' ਮੁਖੀ ਅਮ੍ਰਿਤਪਾਲ ਸਿੰਘ ਦੇ ਪਿੰਡ ਜੱਲੂਖੇੜਾ ਅੰਮ੍ਰਿਤਸਰ ਵੱਲੋਂ ਚਲਾਏ ਜਾ ਰਹੇ ਨਸ਼ਾ ਮੁਕਤੀ ਕੇਂਦਰ ਵਿੱਚ ਰਹਿੰਦਾ ਸੀ।ਉਨ੍ਹਾਂ ਨੇ ਦੱਸਿਆ ਸੀ ਕਿ ਬਾਅਦ ਵਿੱਚ ਉਹ ਬਰਨਾਲਾ ਦੇ ਪਿੰਡ ਚੀਮਾ ਵਿੱਚ ਇੱਕ ਹੋਰ ਨਸ਼ਾ ਮੁਕਤੀ ਕੇਂਦਰ ਚਲਾਉਣ ਗਿਆ ਸੀ।ਉਨ੍ਹਾਂ ਅੱਗੇ ਕਿਹਾ ਕਿ ਬਸੰਤ ਸਿੰਘ ਕਿਸਾਨ ਅੰਦੋਲਨ ਦੌਰਾਨ ਮ੍ਰਿਤਕ ਅਦਾਕਾਰ ਦੀਪ ਸਿੱਧੂ ਤੋਂ ਪ੍ਰੇਰਿਤ ਹੋ ਕੇ ਉਸ ਨਾਲ ਜੁੜ ਗਿਆ ਸੀ ਅਤੇ ਫਿਰ ਅਮ੍ਰਿਤਪਾਲ ਸਿੰਘ ਨਾਲ ਚਲਾ ਗਿਆ ਸੀ।ਸੁਰਜੀਤ ਸਿੰਘ ਨੇ ਇਹ ਵੀ ਦੱਸਿਆ ਸੀ ਕਿ ਪਹਿਲਾਂ ਬਸੰਤ ਦੇ ਵਾਲ ਕੱਟੇ ਹੋਏ ਸਨ, ਫਿਰ ਉਸ ਨੇ ਕਰੀਬ 5 ਸਾਲ ਪਹਿਲਾਂ ਅੰਮ੍ਰਿਤ ਛਕਿਆ।ਉਸ ਵੇਲੇ ਉਨ੍ਹਾਂ ਨੇ ਆਪਣੇ ਪੁੱਤਰ ਲਈ ਇਨਸਾਫ਼ ਦੀ ਮੰਗ ਕੀਤੀ ਸੀ ਅਤੇ ਕਿਹਾ ਸੀ ਕਿ ਬਸੰਤ ਨੇ ਕੋਈ ਅਪਰਾਧ ਨਹੀਂ ਕੀਤਾ ਹੈ।ਸੁਰਜੀਤ ਸਿੰਘ ਨੇ ਦੱਸਿਆ ਸੀ ਕਿ ਉਨ੍ਹਾਂ ਦਾ ਲੜਕਾ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਰਿਹਾ ਸੀ।



**ਗੁਰਮੀਤ ਸਿੰਘ - ਬੁੱਕਣ ਵਾਲਾ**

38 ਸਾਲਾ ਗੁਰਮੀਤ ਸਿੰਘ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਕਣ ਵਾਲਾ ਦੇ ਰਹਿਣ ਵਾਲੇ ਹਨ ਅਤੇ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਹਨ।ਉਹ ਪਿਛਲੇ ਕੁਝ ਸਾਲਾਂ ਤੋਂ ਮੋਗਾ ਜ਼ਿਲ੍ਹੇ ਦੇ ਪਿੰਡ ਸਿੰਘਾਵਾਲਾ ਦੇ ਰਹਿਣ ਵਾਲੇ ਆਪਣੇ ਜੀਜੇ ਤਰਨਦੀਪ ਸਿੰਘ ਨਾਲ ਭਾਈਵਾਲੀ ਵਿੱਚ ਫਰਨੀਚਰ ਦੀ ਦੁਕਾਨ ਚਲਾ ਰਹੇ ਸਨ।ਉਸ ਸਮੇਂ ਪਿੰਡ ਦੇ ਪੰਚਾਇਤ ਘਰ ਵਿੱਚ ਤਿੰਨ ਬਜ਼ੁਰਗਾਂ ਨੇ ਬੀਬੀਸੀ ਨੂੰ ਦੱਸਿਆ ਸੀ ਕਿ ਗੁਰਮੀਤ ਸਿੰਘ ਨੇ ਹਮੇਸ਼ਾ ਹੀ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਿਆ।ਉਨ੍ਹਾਂ ਦਾ ਘਰ ਪਿੰਡ ਦੇ ਬਾਹਰਵਾਰ ਸਥਿਤ ਹੈ। ਉਨ੍ਹਾਂ ਦੇ ਪਿਤਾ ਮਾਲ ਵਿਭਾਗ ਤੋਂ ਪਟਵਾਰੀ ਵਜੋਂ ਸੇਵਾਮੁਕਤ ਹੋਏ ਹਨ।ਗੁਰਮੀਤ ਸਿੰਘ ਦੀਆਂ ਦੋ ਨਾਬਾਲਗ ਧੀਆਂ ਹਨ ਅਤੇ ਉਨ੍ਹਾਂ ਨੇ ਆਪਣੀ ਪੜ੍ਹਾਈ +2 ਤੱਕ ਕੀਤੀ।ਉਸ ਸਮੇਂ ਗੁਰਮੀਤ ਸਿੰਘ ਦੇ ਪਿਤਾ ਨੇ ਦੱਸਿਆ ਸੀ ਕਿ ਗੁਰਮੀਤ ਸਿੰਘ ਨੂੰ ਉਨ੍ਹਾਂ ਦੀ ਦੁਕਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।ਉਨ੍ਹਾਂ ਦੇ ਪਿਤਾ ਨੇ ਅੱਗੇ ਦੱਸਿਆ ਸੀ ਕਿ ਗੁਰਮੀਤ ਸਿੰਘ ਮ੍ਰਿਤਕ ਐਕਟਰ ਦੀਪ ਸਿੱਧੂ ਦੇ ਸੰਪਰਕ ਵਿੱਚ ਨਵੀਂ ਦਿੱਲੀ ਵਿਖੇ ਇੱਕ ਸਾਲ ਲੰਬੇ ਚਲੇ ਕਿਸਾਨ ਅੰਦੋਲਨ ਦੌਰਾਨ ਆਇਆ ਸੀ।ਗੁਰਮੀਤ ਦਾ ਪਰਿਵਾਰ 'ਵਾਰਿਸ ਪੰਜਾਬ ਦੇ' ਜਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਅਣਜਾਣ ਹੈ ਅਤੇ ਕਿਹਾ ਕਿ ਉਹ ਕਦੇ ਅਮ੍ਰਿਤਪਾਲ ਨੂੰ ਨਿੱਜੀ ਤੌਰ 'ਤੇ ਨਹੀਂ ਮਿਲੇ।ਪੁਲਿਸ ਸੂਤਰਾਂ ਨੇ ਦੱਸਿਆ ਸੀ ਕਿ ਗੁਰਮੀਤ ਸਿੰਘ ਖ਼ਾਲਿਸਤਾਨ ਵਿਚਾਰਧਾਰਕ ਅਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਵਾਰਿਸ ਪੰਜਾਬ ਦੇ ਸੰਗਠਨ ਦਾ ਅਹਿਮ ਮੈਂਬਰ ਹੈ।ਪਰਿਵਾਰ ਕੋਲ ਵਾਹੀਯੋਗ ਜ਼ਮੀਨ ਵੀ ਹੈ।ਗੁਰਮੀਤ ਦੀ ਗ੍ਰਿਫ਼ਤਾਰੀ ਮੌਕੇ ਉਨ੍ਹਾਂ ਦੀ ਮਾਤਾ ਸਵਰਨਜੀਤ ਕੌਰ ਨੇ ਕਿਹਾ ਸੀ, ਮੇਰਾ ਲੜਕਾ ਬੇਕਸੂਰ ਹੈ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਰਿਹਾ ਸੀ।

**ਦਲਜੀਤ ਸਿੰਘ ਕਲਸੀ**

ਦਲਜੀਤ ਸਿੰਘ ਕਲਸੀ ਇੱਕ ਫ਼ਿਲਮ ਅਦਾਕਾਰ ਹੈ ਜਿਸ ਨੇ ਵੱਖ-ਵੱਖ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ ਹੈ।ਉਹ ਮ੍ਰਿਤਕ ਅਦਾਕਾਰ ਦੀਪ ਸਿੱਧੂ ਦੇ ਸਭ ਤੋਂ ਨਜ਼ਦੀਕੀ ਸਾਥੀ ਰਹੇ ਹਨ।ਦੀਪ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਬਹੁਤ ਸਾਰੇ ਦੋਸਤ ਉਨ੍ਹਾਂ ਦੇ ਭਰਾ ਮਨਦੀਪ ਸਿੰਘ ਦੇ ਨਾਲ ਚਲੇ ਗਏ ਪਰ ਕਲਸੀ ਅਮ੍ਰਿਤਪਾਲ ਸਿੰਘ ਦੇ ਨਾਲ ਖੜੇ ਰਹੇ।ਉਨ੍ਹਾਂ ਨੇ ਅਮ੍ਰਿਤਪਾਲ ਸਿੰਘ ਦੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਵਜੋਂ ਨਿਯੁਕਤੀ ਦਾ ਸਮਰਥਨ ਕੀਤਾ ਸੀ।ਪੁਲਿਸ ਸੂਤਰਾਂ ਮੁਤਾਬਕ ਉਹ 'ਵਾਰਿਸ ਪੰਜਾਬ ਦੇ' ਸੰਸਥਾ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਤਹਿਤ ਜਾਂਚ ਅਧੀਨ ਹਨ।ਉਨ੍ਹਾਂ ਨੇ 2017 ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਸਰਦਾਰ ਸਾਬ੍ਹ' ਵਿੱਚ ਮੁੱਖ ਭੂਮਿਕਾ ਵਿੱਚ ਵੀ ਕੰਮ ਕੀਤਾ ਸੀ।ਦਲਜੀਤ ਕਲਸੀ ਗ੍ਰਿਫਤਾਰੀ ਵੇਲੇ ਗੁੜਗਾਉਂ ਵਿੱਚ ਸਨ।ਆਪਣੇ ਫੇਸਬੁੱਕ ਪ੍ਰੋਫਾਈਲ ਵਿੱਚ ਕਲਸੀ ਨੇ ਦੱਸਿਆ ਕਿ ਉਹ ਆਲ ਟਾਈਮ ਮੂਵੀਜ਼ ਪ੍ਰਾਈਵੇਟ ਲਿਮੀਟਡ ਨਾਮ ਦੀ ਕੰਪਨੀ ਦੇ ਡਾਇਰੈਕਟਰ ਹਨ ਅਤੇ ਦਿੱਲੀ ਯੂਨੀਵਰਸਿਟੀ ਤੋਂ ਪੜ੍ਹੇ ਹਨ।ਉਨ੍ਹਾਂ ਨੇ ਆਪਣੀ ਫੇਸਬੁੱਕ ਉਪਰ ਲਿਖਿਆ ਹੈ ਕਿ ਉਹ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ।

**ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ**

ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਸੋਸ਼ਲ ਮੀਡੀਆ 'ਤੇ ਵੀਡਿਓ ਪਾਉਣ ਕਾਰਨ ਚਰਚਾ ਵਿੱਚ ਆਏ ਸਨ।ਉਹ ਟਿੱਕਟੌਕ, ਯੂਟਿਊਬ, ਫੇਸਬੁੱਕ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮਾਂ 'ਤੇ ਵੀਡੀਓ ਬਣਾਉਂਦਾ ਅਤੇ ਅਪਲੋਡ ਕਰਦੇ ਸਨ।ਬਾਜੇਕੇ ਇੱਕ ਕਿਸਾਨ ਪਰਿਵਾਰ ਨਾਲ ਸਬੰਧਤ ਹਨ।ਉਹ 'ਪ੍ਰਧਾਨ ਮੰਤਰੀ ਬਾਜੇਕੇ' ਨਾਮ ਹੇਠ ਸੋਸ਼ਲ ਮੀਡੀਆ ਪੇਜ ਚਵਾਉਂਦੇ ਸਨ ਜਿਸ 'ਤੇ ਉਹ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ 'ਤੇ ਵਿਅੰਗਾਤਮਕ ਵੀਡੀਓ ਅਪਲੋਡ ਕਰਦੇ ਹੁੰਦੇ ਸਨ।ਉਨ੍ਹਾਂ ਨੇ ਪਹਿਲਾਂ ਵਾਲ ਕੱਟੇ ਹੋਏ ਸਨ ਅਤੇ ਪਰ ਫਿਰ ਅਮ੍ਰਿਤਪਾਲ ਸਿੰਘ ਦੇ ਸੰਪਰਕ ਵਿੱਚ ਆਉਣ ਨਾਲ ਅੰਮ੍ਰਿਤ ਛੱਕ ਲਿਆ ਸੀ।

ਭਗਵੰਤ ਸਿੰਘ 'ਤੇ ਕਈ ਅਪਰਾਧਿਕ ਮਾਮਲੇ ਵੀ ਦਰਜ ਹਨ ਜੋ ਕਿ ਜ਼ਿਆਦਾਤਰ ਥਾਣਾ ਧਰਮਕੋਟ 'ਚ ਦਰਜ ਹਨ।ਮੋਗਾ ਪੁਲਿਸ ਨੇ ਭਗਵੰਤ ਸਿੰਘ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਜਦੋਂ ਉਹ ਆਪਣੇ ਖੇਤਾਂ ਵਿੱਚ ਕੰਮ ਕਰ ਰਹੇ ਸਨ।ਭਗਵੰਤ ਨੇ ਪੁਲਿਸ ਤੋਂ ਭੱਜਦੇ ਹੋਏ ਆਪਣੀ ਵੀਡੀਓ ਵੀ ਸ਼ੂਟ ਕੀਤੀ ਅਤੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਪੋਸਟ ਕਰ ਦਿੱਤੀ ਸੀ।ਪੁਲਿਸ ਤੋਂ ਭੱਜਣ ਲਈ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਵੀ ਟ੍ਰੋਲ ਕੀਤਾ ਗਿਆ ਕਿਉਂਕਿ ਪਹਿਲਾਂ ਉਹ ਸੋਸ਼ਲ ਮੀਡੀਆ 'ਤੇ ਵੱਖ-ਵੱਖ ਉੱਚ-ਪ੍ਰੋਫਾਈਲ ਲੋਕਾਂ ਨੂੰ ਚੁਣੌਤੀ ਦੇ ਰਹੇ ਸਨ।ਉਸ ਸਮੇਂ ਪਿੰਡ ਦੇ ਸਰਪੰਚ ਹਰਨੇਕ ਸਿੰਘ ਨੇ ਦੱਸਿਆ ਸੀ ਕਿ ਭਗਵੰਤ ਸਿੰਘ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਹੈ ਅਤੇ ਆਪਣੀ ਪਰਿਵਾਰਕ ਜ਼ਮੀਨ 'ਤੇ ਖੇਤੀ ਕਰਦੇ ਸਨ।ਉਨ੍ਹਾਂ ਦੇ ਗੁਆਂਢੀ ਹਰਜਿੰਦਰ ਸਿੰਘ ਨੇ ਬੀਬੀਸੀ ਨੂੰ ਦੱਸਿਆ ਸੀ ਕਿ ਪਿੰਡ ਵਿੱਚ ਭਗਵੰਤ ਦਾ ਕਿਸੇ ਨਾਲ ਕੋਈ ਝਗੜਾ ਨਹੀਂ ਹੋਇਆ ਜਦਕਿ ਸਰਕਾਰ ਨੂੰ ਉਸ ਦੇ ਪਰਿਵਾਰ ਨਾਲ ਇਨਸਾਫ਼ ਕਰਨਾ ਚਾਹੀਦਾ ਹੈ।

**ਹਰਜੀਤ ਸਿੰਘ**

**ਅਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਚਾਚਾ ਹਰਜੀਤ ਸਿੰਘ**

ਮੰਨਿਆ ਜਾਂਦਾ ਹੈ ਕਿ ਅਮ੍ਰਿਤਪਾਲ ਦੇ ਪਰਿਵਾਰ ਵਿੱਚੋਂ ਸਭ ਤੋਂ ਨੇੜੇ ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਹੀ ਸਨ।ਬੀਬੀਸੀ ਨਾਲ ਗੱਲਬਾਤ ਦੌਰਾਨ ਹਰਜੀਤ ਸਿੰਘ ਨੇ ਦੱਸਿਆ ਸੀ ਕਿ ਉਨ੍ਹਾਂ ਦਾ ਦੁਬਈ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਸੀ।ਇਸ ਕਾਰੋਬਾਰ ਵਿੱਚ ਅਮ੍ਰਿਤਪਾਲ ਤੇ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਜੁੜੇ ਹੋਏ ਹਨ।ਅਮ੍ਰਿਤਪਾਲ ਸਿੰਘ ਮੰਨਦੇ ਸਨ ਕਿ ਪਰਿਵਾਰ ਦੇ ਆਰਥਿਕ ਹਾਲਾਤ ਠੀਕ ਹੋਣ ਵਿੱਚ ਹਰਜੀਤ ਸਿੰਘ ਦਾ ਵੱਡਾ ਯੋਗਦਾਨ ਸੀ।ਗ੍ਰਿਫ਼ਤਾਰੀ ਤੋਂ ਪਹਿਲਾਂ ਕਈ ਮਹੀਨਿਆਂ ਤੋਂ ਹਰਜੀਤ ਸਿੰਘ ਤੇ ਉਨ੍ਹਾਂ ਦੇ ਵੱਡੇ ਭਰਾ ਤਰਸੇਮ ਸਿੰਘ ਪੰਜਾਬ ਵਿੱਚ ਹੀ ਸਨ ਤੇ ਬਹੁਤਾ ਸਮਾਂ ਆਪਣੇ ਪਿੰਡ ਜੱਲੂਪਰ ਖੇੜਾ ਵਿੱਚ ਬਿਤਾਉਂਦੇ ਸਨ।

**ਗੁਰਿੰਦਰਪਾਲ ਸਿੰਘ ਔਜਲਾ**

ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਦੀ ਜਾਣਕਾਰੀ ਅਨੁਸਾਰ ਗੁਰਿੰਦਰਪਾਲ ਸਿੰਘ ਔਜਲਾ ਐੱਨਆਰਆਈ ਹਨ ਅਤੇ ਯੂਕੇ ਦੇ ਵਸਨੀਕ ਹਨ। ਹਾਲਾਂਕਿ ਫਗਵਾੜਾ ਵਿਖੇ ਉਨ੍ਹਾਂ ਦਾ ਜੱਦੀ ਘਰ ਹੈ ਪਰ ਉੱਥੇ ਕੋਈ ਨਹੀਂ ਰਹਿੰਦਾ। ਉਨ੍ਹਾਂ ਨੂੰ ਗੁਰੀ ਔਜਲਾ ਵਜੋਂ ਵੀ ਜਾਣਿਆ ਜਾਂਦਾ ਹੈ।ਉਨ੍ਹਾਂ ਨੂੰ 9 ਮਾਰਚ, 2023 ਨੂੰ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਅਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 296

Website: www.preetnama.com Email preetnamausa@gmail.com

21 MARCH TO 27 MARCH,2025




# ਪੰਜਾਬ ਸਰਕਾਰ ਦੇ 3 ਸਾਲ: ਸੀਐੱਮ ਭਗਵੰਤ ਮਾਨ ਦਾ ਵਿਜ਼ਨ ਕੀ, ਸੰਘਰਸ਼ਾਂ 'ਚੋਂ ਨਿਕਲੀ ਪਾਰਟੀ ਸੰਘਰਸ਼ ਵਿਰੋਧੀ ਕਿਵੇਂ ਹੋਈ ?

ਆਪਣੀ ਜਾਂਚੇ ਉਹ ਤਾਂ ਵੱਡੇ ਘਰ ਜਾਂਦਾ ਏ, ਪਰ ਵਿੱਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਏ, ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਏ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਕਸਰ ਹੀ ਪੰਜਾਬੀ ਕਵੀ ਗੁਰਭਜਨ ਗਿੱਲ ਦੀਆਂ ਲਿਖੀਆਂ ਇਹਨਾਂ ਸਤਰਾਂ ਨੂੰ ਸਟੇਜ ਤੋਂ ਗਾਉਂਦੇ ਹਨ। ਕਵੀ ਗੁਰਭਜਨ ਗਿੱਲ ਅਤੇ ਭਗਵੰਤ ਮਾਨ ਦੀ ਬਹੁਤ ਸਾਲਾਂ ਤੋਂ ਸਾਹਿਤਕ ਤੇ 'ਇਨਕਲਾਬੀ' ਵਿਚਾਰਾਂ ਦੀ ਸਾਂਝ ਹੈ।ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਦੀ ਕਾਰਗੁਜਾਰੀ ਤੋਂ ਗੁਰਭਜਨ ਗਿੱਲ ਜ਼ਿਆਦਾ ਖੁਸ਼ ਦਿਖਾਈ ਨਹੀਂ ਦਿੰਦੇ।16 ਮਾਰਚ 2022 ਨੂੰ ਭਗਵੰਤ ਮਾਨ ਨੇ ਪੁਰਾਣੀਆਂ ਸਰਕਾਰਾਂ ਦੀਆਂ ਰਵਾਇਤਾਂ ਤੋੜਦਿਆਂ ਪੰਜਾਬ ਦੇ ਮੁੱਖ ਮੰਤਰੀ ਵੱਜੋਂ ਭਾਰਤੀ ਇਨਕਲਾਬੀ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲ੍ਹਾਂ ਵਿੱਚ ਸਹੁੰ ਚੁੱਕੀ ਸੀ।ਆਪਣੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਪੰਜਾਬ ਵਾਸੀਆਂ ਦਾ ਧੰਨਵਾਦ ਕਰਦਿਆਂ ਐਕਸ 'ਤੇ ਪੋਸਟ 'ਚ ਲਿਖਿਆ, 16 ਮਾਰਚ 2022 'ਚ ਖਟਕੜ ਕਲਾਂ ਵਿਖੇ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦਾ ਪ੍ਰਣ ਲਿਆ ਸੀ, ਜਿਸ ਨੂੰ ਪੂਰਾ ਕਰਨ ਲਈ ਅਸੀਂ ਨੇਕ ਨੀਅਤ ਅਤੇ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੇ ਹਾਂ। ਪੰਜਾਬੀਆਂ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਬਾਖ਼ੂਬੀ ਨਿਭਾਵਾਂਗੇ। ਪੰਜਾਬ 'ਚੋਂ ਨਸ਼ਿਆਂ ਦੀ ਮਾੜੀ ਅਲਾਮਤ ਨੂੰ ਖ਼ਤਮ ਕਰਨ ਲਈ ਚੱਲ ਰਹੇ ਯੁੱਧ ਨੂੰ ਮੁਕਾਮ ਤੱਕ ਪਹੁੰਚਾਵਾਂਗੇ।ਇਸ ਤੋਂ ਪਹਿਲਾਂ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਆਮ ਕਰਕੇ ਚੰਡੀਗੜ੍ਹ ਵਿਖੇ ਪੰਜਾਬ ਰਾਜ ਭਵਨ ਵਿੱਚ ਹੁੰਦੇ ਰਹੇ ਸਨ। ਹਾਲਾਂਕਿ ਸੂਬੇ ਦੇ 5 ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਮੁਹਾਲੀ ਸਟੇਡੀਅਮ ਵਿੱਚ ਸਹੁੰ ਚੁੱਕੀ ਸੀ।2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਦਾ ਫਤਵਾ ਕਿਸੇ ਸਿਆਸੀ ਇਨਕਲਾਬ ਤੋਂ ਘੱਟ ਨਹੀਂ ਸੀ। ਜਿਸ ਦੌਰਾਨ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤਿਆਂ ਸਨ।ਬਰਨਾਲਾ ਦੇ ਭਦੌੜ ਹਲਕੇ ਤੋਂ ਮੋਬਾਇਲ ਰਿਪੇਅਰਿੰਗ ਦੀ ਦੁਕਾਨ ਕਰਦੇ ਸਧਾਰਨ ਘਰ ਦੇ ਮੁੰਡੇ ਲਾਭ ਸਿੰਘ ਉੱਦੋਕੇ ਨੇ ਕਾਂਗਰਸ ਦੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾਇਆ ਸੀ।ਇਸ ਦੌਰਾਨ ਪੰਜ ਵਾਰ ਦੇ ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਦੋ ਵਾਰ ਦੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀਆਂ ਨਿੱਜੀ ਸੀਟਾਂ ਵੀ ਨਹੀਂ ਬਚਾ ਸਕੇ ਸਨ।ਇਹ ਸਿਆਸੀ ਉਲਟਫੇਰ ਭਗਵੰਤ ਮਾਨ ਦੀ ਅਗਵਾਈ ਵਿੱਚ ਵਾਪਰਿਆ ਸੀ।ਪੰਜਾਬ ਦੇ ਲੋਕਾਂ ਨੇ ਰਵਾਇਤੀ ਪਾਰਟੀਆਂ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਵਿਸ਼ਾਲ ਫਤਵੇ ਨਾਲ ਪੰਜਾਬ ਦੀ ਸਿਆਸੀ ਵਾਗਡੋਰ ਭਗਵੰਤ ਮਾਨ ਨੂੰ ਦਿੱਤੀ ਸੀ।ਉਦੋਂ ਪੰਜਾਬ ਦੀ ਦਿਸ਼ਾ ਤੇ ਦਸ਼ਾ ਦੇ ਨਾਲ-ਨਾਲ ਪੂਰੇ ਸਿਸਟਮ ਨੂੰ ਬਦਲਣ ਦੇ ਦਾਅਵੇ ਅਤੇ ਵਾਅਦੇ ਕੀਤੇ ਗਏ ਸਨ। ਹੁਣ ਤਿੰਨ ਸਾਲ ਬੀਤਣ ਤੋਂ ਬਾਅਦ ਆਓ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਇਨ੍ਹਾਂ ਤਿੰਨ ਸਾਲਾਂ ਦੌਰਾਨ ਭਗਵੰਤ ਮਾਨ ਨੇ ਪੰਜਾਬ ਨੂੰ ਕਿੰਨਾ ਬਦਲਿਆ ਤੇ ਉਹ ਆਪ ਕਿੰਨਾ ਬਦਲੇ।



**ਭਗਵੰਤ ਮਾਨ ਦਾ ਮੁੱਖ ਮੰਤਰੀ ਵਜੋਂ ਵਿਜ਼ਨ**

ਕਵੀ ਗੁਰਭਜਨ ਗਿੱਲ ਕਹਿੰਦੇ ਹਨ, "ਭਗਵੰਤ ਮਾਨ ਦਾ ਵਿਜ਼ਨ ਇਹ ਹੈ ਕਿ ਸਟੇਟ ਇਮਾਨਦਾਰ ਹੋਵੇ ਪਰ ਇਹ ਕਿਵੇਂ ਹੋਵੇ, ਇਹ ਨਹੀਂ ਪਤਾ। ਪਿਛਲੇ ਤਿੰਨ ਸਾਲਾਂ ਦੌਰਾਨ ਮੁੱਖ ਮੰਤਰੀ ਬਾਰੇ ਇਹੀ ਸਭ ਤੋਂ ਮੋਟਾ ਜਿਹਾ ਪ੍ਰਭਾਵ ਮਿਲਦਾ ਹੈ।" ਭਗਵੰਤ ਮਾਨ, ਸਰਕਾਰ ਬਣਨ ਤੋਂ ਪਹਿਲਾਂ ਐੱਮਪੀ ਹੁੰਦਿਆਂ ਅਕਸਰ ਕਹਿੰਦੇ ਸਨ ਕਿ ਜਦੋਂ ਉਹਨਾਂ ਨੇ ਕਿਸੇ ਮਸਲੇ ਨੂੰ ਸਮਝਣਾ ਹੁੰਦਾ ਸੀ ਤਾਂ ਉਹ ਸੀਨੀਅਰ ਪੱਤਰਕਾਰ ਹਮੀਰ ਸਿੰਘ ਨਾਲ ਵੀ ਗੱਲ ਕਰਦੇ ਸਨ।ਮਾਨ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਹਮੀਰ ਸਿੰਘ ਕਹਿੰਦੇ ਹਨ, "ਰਾਜਨੀਤੀ ਵਿੱਚ ਤੁਹਾਨੂੰ ਕਈ ਫੈਸਲੇ ਲੈਣੇ ਪੈਂਦੇ ਹਨ, ਇੱਕ ਟੀਮ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ ਪਰ ਭਗਵੰਤ ਮਾਨ ਇਹਨਾਂ ਚੀਜ਼ਾਂ ਵਿੱਚ ਪਿੱਛੇ ਰਹੇ ਹਨ।""ਉਨ੍ਹਾਂ ਬਾਰੇ ਇਹੀ ਪ੍ਰਭਾਵ ਮਿਲਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਟੀਮ ਖੜ੍ਹੀ ਕਰਨ ਵਿੱਚ ਕਾਮਯਾਬ ਨਹੀਂ ਹੋਏ, ਉਨ੍ਹਾਂ ਦੇ ਫੈਸਲੇ ਦਿੱਲੀ ਦੀ ਟੀਮ ਤੈਅ ਕਰਦੀ ਹੈ। ਉਨ੍ਹਾਂ ਸਣੇ ਪੂਰੇ ਮੰਤਰੀ ਮੰਡਲ ਨੂੰ ਦਿੱਲੀ ਹਾਈਕਮਾਂਡ ਵਲੋਂ ਭੇਜੇ ਬੰਦੇ ਚਲਾ ਰਹੇ ਹਨ।" ਹਾਲਾਂਕਿ, ਭਗਵੰਤ ਮਾਨ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਆਪਣੇ ਕਾਰਜਕਾਲ ਦੌਰਾਨ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਨਸ਼ਿਆਂ ਅਤੇ ਭ੍ਰਿਸ਼ਟਾਚਾਰੀਆਂ ਖਿਲਾਫ਼ ਮੁਹਿੰਮ ਚੱਲ ਰਹੀ ਹੈ, ਬਿਜਲੀ ਦੇ 300 ਯੂਨਿਟ ਹਰ ਮਹੀਨੇ ਮੁਫ਼ਤ ਦਿੱਤੇ ਜਾ ਰਹੇ ਹਨ, ਕਿਸਾਨਾਂ ਨੂੰ ਖੇਤਾਂ ਲਈ ਬਿਜਲੀ ਦਿਨ ਸਮੇਂ ਮਿਲਣ ਲੱਗੀ, ਨਹਿਰੀ ਪਾਣੀ ਦਾ ਪ੍ਰਬੰਧ ਬਿਹਤਰ ਹੋਇਆ ਹੈ, ਸਿਹਤ ਤੇ ਸਿੱਖਿਆ ਸਹੂਲਤਾਂ ਬਿਹਤਰ ਬਣੀਆਂ ਹਨ ਅਤੇ 'ਸੜਕੀ ਹਾਦਸਿਆਂ ਨੂੰ ਰੋਕਣ ਲਈ ਸੜਕ ਸੁਰੱਖਿਆ ਫੋਰਸ (SSF) ਦੇ ਗਠਨ ਨਾਲ ਇਹਨਾਂ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ 48.10% ਘਟੀ ਹੈ।' ਪਰ ਸੂਬੇ ਨੂੰ ਨਸ਼ੇ ਤੇ ਕਰਜ਼ਾ ਤੋਂ ਮੁਕਤ ਕਰਨ ਦਾ ਵਾਅਦਾ ਹਾਲੇ ਅਧੂਰਾ ਦਿਖਾਈ ਦਿੰਦਾ ਹੈ।ਇਸ ਦੇ ਨਾਲ ਹੀ ਪੰਜਾਬ ਵਿੱਚ 16 ਮੈਡੀਕਲ ਕਾਲਜ ਖੋਲਣ ਦੀ ਗਰੰਟੀ ਹਾਲੇ ਤੱਕ ਪੂਰੀ ਨਹੀਂ ਹੋਈ।ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜਾਵਾਂ ਨਾ ਦੁਆ ਸਕਣ ਕਾਰਨ ਉਨ੍ਹਾਂ ਉੱਤੇ ਆਪਣੀ ਦੀ ਪਾਰਟੀ ਦੇ ਕਈ ਆਗੂ ਸਵਾਲ ਖੜ੍ਹੇ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਅਕਸਰ ਮੀਡੀਆ ਸਾਹਮਣੇ ਵੀ ਆਉਂਦੇ ਰਹੇ ਹਨ।

**ਕੀ ਭਗਵੰਤ ਮਾਨ ਖੁਦ ਸਿਸਟਮ ਦੇ ਰੰਗ 'ਚ ਰੰਗੇ ਗਏ**

ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਦੇ ਇਕੱਠਾਂ ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਅਕਸਰ ਹੀ ਕਹਿੰਦੇ ਹਨ ਕਿ ਉਹ ਇੱਕ ਕਲਾਕਾਰ ਵਜੋਂ ਬਹੁਤ ਮਸ਼ਹੂਰ ਸਨ ਅਤੇ ਚੰਗੇ ਪੈਸੇ ਵੀ ਕਮਾ ਰਹੇ ਸਨ।ਉਹ ਰਾਜਨੀਤੀ ਵਿੱਚ ਬਦਲਾਅ ਲਈ ਉਤਰਨ ਦਾ ਦਾਅਵਾ ਕਰਦੇ ਹਨ ਤਾਂ ਜੋ 'ਰਜਵਾੜਿਆਂ ਤੇ ਜਗੀਰਦਾਰਾਂ' ਤੋਂ ਬਿਨਾਂ ਆਮ ਘਰਾਂ ਦੇ ਧੀ-ਪੁੱਤ ਵੀ ਸੱਤਾ ਵਿੱਚ ਆ ਸਕਣ।ਗੁਰਭਜਨ ਗਿੱਲ ਕਹਿੰਦੇ ਹਨ, "ਭਗਵੰਤ ਮਾਨ ਖੱਬੇ-ਪੱਖੀ ਵਾਤਾਵਰਨ ਵਾਲੇ ਘਰ ਵਿੱਚ ਵੱਡੇ ਹੋਏ। ਉਹਨਾਂ ਦੇ ਪਿਤਾ ਮਾਸਟਰ ਮਹਿੰਦਰ ਸਿੰਘ ਵਿਗਿਆਨਿਕ ਸੋਚ ਵਾਲੇ ਅਧਿਆਪਕ ਸਨ, ਜੋ ਡੈਮੋਕਰੇਟਿਕ ਟੀਚਰ ਫਰੰਟ ਦੇ ਸੰਘਰਸ਼ਸ਼ੀਲ ਆਗੂ ਸਨ।ਭਗਵੰਤ ਮਾਨ ਨੇ, ਜੋ ਸਿਧਾਂਤ ਉਸ ਮਾਹੌਲ ਵਿੱਚੋਂ ਹਾਸਲ ਕੀਤਾ, ਉਹ ਹੀ ਉਹਨਾਂ ਦੀ ਸ਼ਕਤੀ ਵੀ ਬਣੇ।" ਭਗਵੰਤ ਮਾਨ ਨੇ ਇੱਕ ਸਮੇਂ ਪਾਰਟੀ ਦੇ ਢਾਂਚੇ ਵਿੱਚ ਦਿੱਲੀ ਮਾਡਲ ਦਾ ਵਿਰੋਧ ਕੀਤਾ ਸੀ ਅਤੇ ਪੰਜਾਬ ਦੀ ਨਬਜ਼ ਅਨੁਸਾਰ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਲਗਾਉਣ ਦੀ ਮੰਗ ਕੀਤੀ ਸੀ, ਜੋ ਕਿ ਲਾਗੂ ਵੀ ਹੋਈ।2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਜਦੋਂ ਪਾਰਟੀ ਮੁੱਖ ਮੰਤਰੀ ਦੇ ਚਿਹਰੇ ਲਈ ਵੱਖ-ਵੱਖ ਸਿਆਸਤਦਾਨਾਂ ਵਿਚੋਂ ਚਿਹਰਾ ਲੱਭਣ ਲਈ ਪਹੁੰਚ ਕਰ ਰਹੀ ਸੀ ਤਾਂ ਭਗਵੰਤ ਮਾਨ ਚੁੱਪ-ਚਾਪ ਆਪਣੀ ਸੰਗਰੂਰ ਵਾਲੀ ਰਿਹਾਇਸ਼ 'ਤੇ ਬੈਠ ਗਏ ਸਨ।ਉਸ ਸਮੇਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਿਪਾਸਨਾ 'ਤੇ ਸਨ।ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਸਮੇਤ ਕਈ ਆਗੂਆਂ ਨੇ ਭਗਵੰਤ ਮਾਨ ਨੂੰ ਐਕਟਿਵ ਹੋਣ ਲਈ ਅਪੀਲਾਂ ਕੀਤੀਆ ਪਰ ਭਗਵੰਤ ਮਾਨ ਓਨਾ ਸਮਾਂ ਘਰੋਂ ਬਾਹਰ ਨਹੀਂ ਨਿਕਲੇ, ਜਿੰਨਾਂ ਸਮਾਂ ਉਹਨਾਂ ਦੇ ਨਾਮ ਦਾ ਮੁੱਖ ਮੰਤਰੀ ਦੇ ਚਿਹਰੇ ਵਜੋਂ ਐਲਾਨ ਨਾ ਹੋਇਆ, ਇਸ ਤੋਂ ਪਹਿਲਾਂ ਉਹ ਆਪਣੇ ਘਰ ਹੀ ਬੈਠਕਾਂ ਕਰਦੇ ਰਹੇ ਸਨ।ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਭਗਵੰਤ ਮਾਨ ਕਿਸਾਨ ਦਾ ਪੁੱਤ ਹੋਣ ਅਤੇ ਖੇਤਾਂ ਵਿੱਚ ਖੁਦ ਕੰਮ ਕਰਨ ਦੇ ਤਜ਼ਰਬੇ ਦੀਆਂ ਦਲੀਲਾਂ ਦਿੰਦੇ ਹਨ।ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਸਮੇਂ ਆਮ ਆਦਮੀ ਪਾਰਟੀ ਨੇ ਦਿੱਲੀ ਦੀਆਂ ਸਰਹੱਦਾਂ ਉਪਰ ਬੈਠੇ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਪਰ ਹੁਣ ਪੰਜਾਬ ਵਿੱਚ ਕਿਸਾਨਾਂ ਅਤੇ ਭਗਵੰਤ ਮਾਨ ਵਿਚਕਾਰ ਟਕਰਾਅ ਬਣਿਆ ਹੋਇਆ ਹੈ।ਪਿਛਲੇ ਦਿਨੀ ਉਹ ਕਿਸਾਨਾਂ ਨਾਲ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ ਸਨ। ਮਾਨ ਕਿਸਾਨਾਂ ਦੇ ਧਰਨਿਆਂ ਦਾ ਵਿਰੋਧ ਕਰ ਰਹੇ ਹਨ।ਇਹੀ ਨਹੀਂ ਕਿਸਾਨਾਂ ਦੇ ਚੰਡੀਗੜ੍ਹ ਕੂਚ ਨੂੰ ਫੇਲ੍ਹ ਕਰਨ ਲਈ ਜੋਗਿੰਦਰ ਸਿੰਘ ਉਗਰਾਹਾਂ ਵਰਗੇ ਵੱਡੇ ਕਿਸਾਨ ਆਗੂਆਂ ਸਣੇ ਸੂਬੇ ਭਰ ਵਿੱਚ ਸੈਕੜੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ।ਹਮੀਰ ਸਿੰਘ ਕਹਿੰਦੇ ਹਨ, "ਗੈਰ-ਜਮਹੂਰੀ ਅਪਰੋਚ ਪਾਰਟੀ ਦੇ ਅੰਦਰ ਹੀ ਹੈ।"ਗੁਰਭਜਨ ਗਿੱਲ ਕਹਿੰਦੇ ਹਨ, "ਪਹਿਲਾਂ ਕਿਸਾਨ ਜਥੇਬੰਦੀਆਂ ਸਿਰ ਉਪਰ ਬਿਠਾ ਲਈਆਂ ਗਈਆਂ। ਪਰ ਜਦੋਂ ਉਹ ਗਲ਼ ਨੂੰ ਆ ਗਈਆਂ ਤਾਂ ਕਿਹਾ 'ਭੱਜ ਜਾਵੋ'। ਇਹ ਵਿਜ਼ਨਰੀ ਦੀ ਨਿਸ਼ਾਨੀ ਨਹੀਂ ਹੈ।""ਸਿਆਣੀ ਗੱਲ ਇਹ ਹੁੰਦੀ ਕਿ ਉਹਨਾਂ ਕਹਿਣਾ ਸੀ ਕਿ ਹੁਣ ਮੇਰੀ ਸਿਹਤ ਇਜਾਜ਼ਤ ਨਹੀਂ ਦਿੰਦੀ ਤੇ ਦੋ ਮੰਤਰੀ ਤੁਹਾਡੇ ਨਾਲ ਗੱਲ ਕਰਨਗੇ। 'ਜਾਓ ਕਰ ਲਓ ਕੀ ਕਰਨਾ' ਕਹਿਣਾ ਸਟੇਟਸ਼ਮੈਨਸ਼ਿਪ ਦੀ ਨਿਸ਼ਾਨੀ ਨਹੀਂ ਹੈ।"ਉਹ ਅੱਗੇ ਕਹਿੰਦੇ ਹਨ, "ਚਾਰ ਭ੍ਰਿਸ਼ਟਾਚਾਰੀ ਤਹਿਸੀਲਦਾਰਾਂ ਨੂੰ ਫੜ ਕੇ ਕਹਿਣਾ ਕਿ ਸਾਰੇ ਹੀ ਭ੍ਰਿਸ਼ਟ ਹਨ, ਇਹ ਕਦੇ ਵੀ ਨਹੀਂ ਹੁੰਦਾ।"

**ਸੰਘਰਸ਼ਾਂ 'ਚੋਂ ਨਿਕਲੀ ਪਾਰਟੀ ਸੰਘਰਸ਼ ਵਿਰੋਧੀ ਕਿਉਂ ?**

ਆਮ ਆਦਮੀ ਪਾਰਟੀ ਦਾ ਜਨਮ ਧਰਨਿਆਂ ਅਤੇ ਸੰਘਰਸ਼ਾਂ ਵਿੱਚੋਂ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਮੌਜੂਦਾ ਸਮੇਂ ਪੰਜਾਬ ਸਰਕਾਰ ਸੜਕਾਂ ਜਾਮ ਕਰਨ ਅਤੇ ਧਰਨਿਆਂ ਨੂੰ ਸ਼ਖਤੀ ਨਾਲ ਲੈ ਰਹੀ ਹੈ।ਕਿਸਾਨਾਂ ਖ਼ਿਲਾਫ਼ ਜ਼ਬਰ ਦੀ ਵਰਤੋਂ ਕੀਤੀ ਗਈ, ਬੇਰੁਜ਼ਗਾਰ ਅਧਿਆਪਕਾਂ, ਮੁਲਾਜ਼ਮ ਯੂਨੀਅਨਾਂ ਉੱਤੇ ਸੰਗਰੂਰ ਵਿੱਚਲੀ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੁਲਸੀਆ ਜੋਰ ਦੀਆਂ ਤਸਵੀਰਾਂ ਆਏ ਦਿਨ ਮੀਡੀਆ ਵਿੱਚ ਆਉਂਦੀਆਂ ਹਨ।ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ, "ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਧਰਨੇ ਲਗਾਏ ਸਨ ਪਰ 'ਆਪ' ਨੇ ਪੰਜਾਬ ਵਿੱਚ ਕੋਈ ਸੰਘਰਸ਼ ਨਹੀਂ ਲੜਿਆ।ਇਸ ਪਾਰਟੀ ਕੋਲ ਪੰਜਾਬ ਦੇ ਸੰਘਰਸ਼ਾਂ ਦਾ ਕੋਈ ਤਜਰਬਾ ਨਹੀਂ ਹੈ। ਪਾਰਟੀ ਦਿੱਲੀ ਦੀ ਹਵਾ ਨਾਲ ਸੱਤਾ ਵਿੱਚ ਆਈ ਸੀ। ਭਗਵੰਤ ਮਾਨ ਪੀਪੀਪੀ ਵਿੱਚੋਂ ਆਏ ਅਤੇ ਲੋਕ ਸਭਾ ਮੈਂਬਰ ਵੱਜੋਂ ਜਿੱਤ ਗਏ ਸਨ।"ਗੁਰਭਜਨ ਗਿੱਲ ਕਹਿੰਦੇ ਹਨ, "ਹੁਣ (ਦਿੱਲੀ ਚੋਣਾਂ ਦੀ ਹਾਰ ਤੋਂ ਬਾਅਦ) ਇਹਨਾਂ ਨੂੰ ਧਰਤੀ ਦਿਖਾਈ ਦਿੱਤੀ ਹੈ। ਉਹਨਾਂ ਨੂੰ ਲੱਗਾ ਗਵਰਨੈਂਸ ਵੱਲ ਧਿਆਨ ਦੇਣ ਦੀ ਲੋੜ ਹੈ।"

**ਭਗਵੰਤ ਮਾਨ ਦਾ ਨਿੱਜੀ ਸਫ਼ਰ**

ਭਗਵੰਤ ਮਾਨ ਦਾ ਜਨਮ 17 ਅਕਤੂਬਰ 1973 ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਸਤੌਜ ਵਿੱਚ ਹੋਇਆ। ਸਕੂਲੀ ਪੜ੍ਹਾਈ ਪਾਸ ਕਰਦਿਆਂ ਹੀ ਉਹ ਕਾਮੇਡੀ ਦੇ ਖੇਤਰ ਵਿੱਚ ਆ ਗਏ।ਸੁਨਾਮ ਦੇ ਸ਼ਹੀਦ ਊਧਮ ਸਿੰਘ ਕਾਲਜ ਵਿੱਚ ਪੜ੍ਹਦਿਆਂ ਉਨ੍ਹਾਂ ਕਾਮੇਡੀ ਅਤੇ ਕਵਿਤਾ ਬੋਲਣ ਦੇ ਕਈ ਅੰਤਰ ਕਾਲਜ ਮੁਕਾਬਲੇ ਜਿੱਤੇ।1992 ਤੋਂ 2013 ਤੱਕ ਉਨ੍ਹਾਂ ਨੇ ਕਾਮੇਡੀ ਦੀਆਂ 25 ਐਲਬਮਜ਼ ਰਿਕਾਰਡ ਕਰਵਾਈਆਂ ਅਤੇ ਰਿਲੀਜ਼ ਕੀਤੀਆਂ। ਉਨ੍ਹਾਂ ਨੇ 5 ਗਾਣਿਆਂ ਦੀਆਂ ਟੇਪਾਂ ਰਿਲੀਜ਼ ਕੀਤੀਆਂ।ਜੁਗਨੂੰ, ਝੰਡਾ ਅਤੇ ਬੀਬੋ ਭੂਆ ਵਰਗੇ ਕਾਮੇਡੀ ਪਾਤਰ ਭਗਵੰਤ ਮਾਨ ਦੀ ਦੇਣ ਹਨ।2011 ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਤੇ ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਵਿੱਚੋਂ ਬਗਾਵਤ ਕਰ ਦਿੱਤੀ। ਇਸ ਦੌਰਾਨ ਭਗਵੰਤ ਮਾਨ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਮੁਲਾਕਾਤ ਹੋਈ। ਮਨਪ੍ਰੀਤ ਬਾਦਲ ਨੇ ਭਗਵੰਤ ਮਾਨ ਨੂੰ ਸਰਗਰਮ ਸਿਆਸਤ ਵਿੱਚ ਆਉਣ ਲਈ ਪ੍ਰੇਰਿਆ।ਫਰਵਰੀ 2012 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਗਵੰਤ ਨੇ ਹਲਕਾ ਲਹਿਰਾਗਾਗਾ ਤੋਂ ਪੀਪੀਪੀ ਦੇ ਉਮੀਦਵਾਰ ਵਜੋਂ ਚੋਣ ਲੜੀ ਪਰ ਉਹ ਕਾਂਗਰਸ ਆਗੂ ਰਾਜਿੰਦਰ ਕੌਰ ਭੱਠਲ ਤੋਂ ਹਾਰ ਗਏ।ਸਾਲ 2014 ਵਿੱਚ ਆਮ ਆਦਮੀ ਪਾਰਟੀ ਹਿੱਸਾ ਬਣੇ ਭਗਵੰਤ ਦੋ ਵਾਰ ਸੰਗਰੂਰ ਤੋਂ ਲੋਕ ਸਭਾ ਮੈਂਬਰ ਬਣੇ। ਇਸ ਦੇ ਨਾਲ ਹੀ ਉਨ੍ਹਾਂ ਆਮ ਆਦਮੀ ਪਾਰਟੀ ਦੀ ਪ੍ਰਧਾਨ ਵਜੋਂ ਵਾਗਡੋਰ ਸੰਭਾਲੀ।ਉਹ ਧੂੰਆਂਧਾਰ ਰੈਲੀਆਂ, ਵਿਰੋਧੀਆਂ ਖਿਲਾਫ਼ ਟਿੱਪਣੀਆਂ ਕਰਨ ਕਰ ਕੇ ਲੋਕਾਂ ਵਿੱਚ ਵਧੇਰੇ ਮਕਬੂਲ ਹੋਏ।ਪਰ ਸ਼ਰਾਬ ਪੀ ਕੇ ਜਨਤਕ ਸਮਾਗਮਾਂ ਵਿੱਚ ਜਾਣ ਦੇ ਇਲਜ਼ਾਮ ਉਨ੍ਹਾਂ ਦਾ ਅੱਜ ਵੀ ਪਿੱਛਾ ਨਹੀਂ ਛੱਡ ਰਹੇ, ਉਹ ਆਮ ਆਦਮੀ ਪਾਰਟੀ ਦੀ ਸ਼ਕਤੀ ਵੀ ਹਨ ਅਤੇ ਪਾਰਟੀ ਦਾ ਭਾਰ ਵੀ।



**ਦਿੱਲੀ ਦੇ ਗਲਬੇ ਤੋਂ ਛੁਟਕਾਰਾ ਨਹੀਂ ਕਰਵਾ ਸਕੇ**

ਭਗਵੰਤ ਮਾਨ 2022 ਤੋਂ ਜਦੋਂ ਦੇ ਮੁੱਖ ਮੰਤਰੀ ਬਣੇ ਹਨ ਤਾਂ ਵਿਰੋਧੀ ਧਿਰਾਂ ਇਲਜ਼ਾਮ ਲਗਾਉਂਦੀਆਂ ਹਨ ਕਿ ਉਹਨਾਂ ਦੀ ਸਰਕਾਰ ਦਿੱਲੀ ਤੋਂ ਚੱਲਦੀ ਹੈ।ਇਸ ਦੌਰਾਨ ਭਗਵੰਤ ਮਾਨ ਨੂੰ ਆਜ਼ਾਦੀ ਨਾਲ ਕੰਮ ਕਰਨ ਨਹੀਂ ਦਿੱਤਾ ਜਾ ਰਿਹਾ।ਸਰਕਾਰ ਦੇ ਸ਼ੁਰੂਆਤੀ ਸਮੇਂ ਕਿਹਾ ਗਿਆ ਕਿ ਦਿੱਲੀ ਦੇ ਵਿਧਾਇਕ ਵਜੋਂ ਅਸਤੀਫ਼ਾ ਦੇਣ ਤੋਂ ਬਾਅਦ ਰਾਜ ਸਭਾ ਭੇਜੇ ਗਏ ਰਾਘਵ ਚੱਢਾ 'ਸੁਪਰ ਸੀਐੱਮ' ਵੱਜੋਂ ਕੰਮ ਕਰ ਰਹੇ ਹਨ।ਪਿਛਲੇ ਸਮੇਂ ਦੌਰਾਨ ਜਦੋਂ ਮੁੱਖ ਮੰਤਰੀ ਦੀ ਮੀਡੀਆ ਟੀਮ (ਪਨਮੀਡੀਆ) ਵਿੱਚੋਂ ਉਨ੍ਹਾਂ ਦੇ ਨਜ਼ਦੀਕੀਆਂ ਤੇ ਸਲਾਹਕਾਰਾਂ ਦੀ ਛੁੱਟੀ ਕੀਤੀ ਗਈ। ਕੇਜਰੀਵਾਲ ਦੇ ਸਾਬਕਾ ਸਲਾਹਕਾਰ ਬਿਭਵ ਨੂੰ ਭਗਵੰਤ ਮਾਨ ਦਾ ਸਲਾਹਕਾਰ ਲਾਇਆ ਗਿਆ ਤਾਂ ਦਿੱਲੀ ਦੇ ਗਲਬੇ ਹੇਠ ਕੰਮ ਕਰਨ ਦੇ ਇਲਜ਼ਾਮਾਂ ਨੇ ਮੁੜ ਜੋਰ ਫੜਿਆ।ਭਾਵੇਂ ਕਿ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ 'ਸਰਕਾਰ ਪਹਿਲੇ ਦਿਨ ਤੋਂ ਹੀ ਸੁਤੰਤਰ' ਤਰੀਕੇ ਨਾਲ ਕੰਮ ਕਰ ਰਹੀ ਹੈ।ਪਰ ਜਦੋਂ ਪਿਛਲੇ ਦਿਨੀ 2025 ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਹੋਈ ਅਤੇ ਇਸ ਦੌਰਾਨ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਹਾਰ ਗਏ।ਪਰ ਸਵਾਲ ਉੱਠੇ ਕਿ ਕੀ ਕੌਮੀ ਕਨਵੀਨਰ ਦੀ ਹਾਰ ਤੋਂ ਬਾਅਦ ਭਗਵੰਤ ਮਾਨ ਦਾ ਸਿਆਸੀ ਕੱਦ ਉੱਚਾ ਹੋ ਗਿਆ ਹੈ? ਇਸ ਬਾਰੇ ਹਮੀਰ ਸਿੰਘ ਕਹਿੰਦੇ, "ਪੰਜਾਬ ਦੀ ਸਰਕਾਰ ਅੱਜ ਵੀ ਦਿੱਲੀ ਤੋਂ ਚੱਲਦੀ ਹੈ। ਦਿੱਲੀ ਤੋਂ ਲੋਕ ਲਗਾਏ ਜਾਂਦੇ ਹਨ। ਭਗਵੰਤ ਮਾਨ ਹੀ ਮੁੱਖ ਮੰਤਰੀ ਹੈ, ਇਹ ਸੁਨੇਹਾ ਹਾਲੇ ਤੱਕ ਲੋਕਾਂ ਵਿੱਚ ਨਹੀਂ ਗਿਆ। ਇਹ ਗੱਲ ਸੁਣਾਈ ਦਿੰਦੀ ਹੈ ਕਿ ਪੰਜਾਬ ਦਿੱਲੀ ਚਲਾ ਰਹੀ ਹੈ।ਭਗਵੰਤ ਦੀ ਟੀਮ ਦੇ ਕਈ ਬੰਦੇ ਹਟਾ ਦਿੱਤੇ ਗਏ ਹਨ। ਮੁੱਖ ਮੰਤਰੀ ਦਾ ਆਪਣਾ ਕੋਈ ਗਰੁੱਪ ਹਾਲੇ ਤੱਕ ਦਿਖਾਈ ਨਹੀਂ ਦਿੰਦਾ।"ਗੁਰਭਜਨ ਗਿੱਲ ਕਹਿੰਦੇ ਹਨ, "ਦਿੱਲੀ ਦਾ ਪ੍ਰਭਾਵ ਹੈ ਅਤੇ ਇਹ ਹੋਣਾ ਵੀ ਚਾਹੀਦਾ ਹੈ। ਭਾਵੇਂ ਕਾਂਗਰਸ ਜਾਂ ਹੋਰ ਵੀ ਕੋਈ ਪਾਰਟੀ ਹੋਏ, ਉਹਨਾਂ ਨੇ ਆਪਣੇ ਹੈਡਕੁਆਰਟਰ ਤੋਂ ਸੇਧ ਲੈਣੀ ਹੀ ਹੁੰਦੀ ਹੈ। ਇਸ ਵਿੱਚ ਭਗਵੰਤ ਮਾਨ ਦਾ ਕੋਈ ਕਸੂਰ ਨਹੀਂ ਹੈ।ਪਾਰਟੀ ਮੁੱਖ ਮੰਤਰੀ ਨੂੰ ਗਾਇਡ ਕਰ ਰਹੀ ਹੈ ਪਰ ਅਸਫ਼ਲਤਾਵਾਂ ਭਗਵੰਤ ਮਾਨ ਦੇ ਖਾਤੇ ਪਾਈਆਂ ਜਾ ਰਹੀਆਂ ਹਨ ਅਤੇ ਉਹ ਸਫ਼ਲਤਾਵਾਂ ਪਾਰਟੀ ਖਾਤੇ ਪਾਉਣੀਆਂ ਚਾਹੁੰਦੀ ਹੈ, ਜੋ ਲੋਕ ਪੈਣ ਨਹੀਂ ਦੇ ਰਹੇ।"

**ਤਿੰਨ ਸਾਲਾਂ ਵਿੱਚ ਕਿੰਨਾ ਬਦਲੇ ਭਗਵੰਤ ਮਾਨ**

ਭਗਵੰਤ ਮਾਨ ਪਹਿਲੇ ਹੀ ਦਿਨ ਤੋਂ ਸੁਨਣ ਵਾਲਿਆਂ ਨੂੰ ਆਪਣੀ ਜ਼ੁਬਾਨ ਦੇ ਰਸ ਅਤੇ ਦਲੀਲਾਂ ਕਾਰਨ ਕੀਲ ਲੈਣ ਵਾਲੇ ਬੁਲਾਰੇ ਵੱਜੋਂ ਜਾਣੇ ਜਾਂਦੇ ਹਨ।ਸੜਕਾਂ 'ਤੇ ਧਰਨਿਆਂ ਨੂੰ ਸੰਬੋਧਨ, ਲੋਕ ਸਭਾ ਵਿੱਚ ਦਲੀਲਾਂ ਅਤੇ ਵਿਧਾਨ ਸਭਾ ਵਿੱਚ ਉਹਨਾਂ ਦੀਆਂ ਸਪੀਚਾਂ ਦੀ ਅਕਸਰ ਚਰਚਾ ਹੁੰਦੀ ਹੈ।ਮਾਨ ਦੇ ਨਿਸ਼ਾਨੇ ਉਪਰ ਅਕਸਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਆਗੂਆਂ ਦੀ ਕਾਰਜਪ੍ਰਣਾਲੀ ਹੁੰਦੀ ਹੈ।ਭਗਵੰਤ ਮਾਨ ਵੀਆਈਪੀ ਕਲਚਰ ਦੇ ਆਲੋਚਕ ਸਨ ਪਰ ਉਹਨਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਹ ਸਵਾਲ ਵਿਰੋਧੀਆਂ ਵੱਲੋਂ ਉਹਨਾਂ ਉਪਰ ਵੀ ਚੁੱਕੇ ਜਾ ਰਹੇ ਹਨ।ਉਹ ਆਪ ਦਰਜਨਾਂ ਗੱਡੀਆਂ ਦੇ ਕਾਫ਼ਲੇ ਨਾਲ ਚੱਲਦੇ ਹਨ। ਉਹਨਾਂ ਦਾ ਦਿੱਲੀ ਦੇ ਸਾਬਕਾ ਸੀਐੱਮ ਕੇਜਰੀਵਾਲ ਸਣੇ ਕਈ ਹੋਰ ਆਗੂਆਂ ਨੂੰ ਆਪਣੇ ਸਰਕਾਰੀ ਹੈਲੀਕਾਪਟਰ ਵਿੱਚ ਥਾਂ-ਥਾਂ ਲੈ ਕੇ ਜਾਣਾ ਵੀ ਲੋਕਾਂ ਨੂੰ ਖਟਕਦਾ ਹੈ।ਕੇਜਰੀਵਾਲ ਨਾਲ ਪੰਜਾਬ ਵਿੱਚ ਗੱਡੀਆਂ ਦੇ ਕਾਫ਼ਲੇ, ਭਗਵੰਤ ਮਾਨ ਦੇ ਮਾਤਾ ਅਤੇ ਪਤਨੀ ਵੱਲੋਂ ਉਦਘਾਟਨ ਕਰਨੇ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਨਿੱਜੀ ਗਤੀਵਿਧੀਆਂ ਕਾਰਨ ਉਹ ਵਿਰੋਧੀਆਂ ਦੇ ਨਿਸ਼ਾਨੇ ਉਪਰ ਰਹੇ ਹਨ।ਭਾਵੇਂ ਕਿ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਦੀ ਮਾਂ ਅਤੇ ਭੈਣ ਦੇ ਸਮਾਗਮਾਂ ਉੱਤੇ ਰੋਕ ਵੀ ਲੱਗ ਗਈ ਹੈ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436

ADVISORY BOARD

Joga Singh
*******************************
Jaswinder Singh New Jersey
*******************************
Mindi Manak
NewYork
*******************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

*****************************
Sunil Kumar Gund
(Journalist) India
*********************************
Raj Rani
Video editor
************************************
Jagmeet Kaur
97817-41631
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਔਰਤਾਂ ਦੇ ਪੁਰਸਕਾਰਾਂ ਦੀ ਸ਼ਾਨ ਅਤੇ ਨਿਰਪੱਖਤਾ 'ਤੇ ਉਠਾਏ ਸਵਾਲ

**ਡਾ. ਪ੍ਰਿਅੰਕਾ ਸੌਰਭ**

ਦੋਸਤੋ, ਜੇਕਰ ਅਸੀਂ ਜੰਗਬੰਦੀ ਸਮਝੌਤੇ ਵਿੱਚ ਰੂਸ ਦੀਆਂ ਮੰਗਾਂ ਬਾਰੇ ਗੱਲ ਕਰਦੇ ਹਾਂ, ਤਾਂ ਪੁਤਿਨ ਨੇ ਕਿਹਾ ਹੈ ਕਿ ਉਹ ਇੱਕ ਲੰਬੇ ਸਮੇਂ ਦੇ ਹੱਲ ਦੇ ਹੱਕ ਵਿੱਚ ਹਨ ਜੋ ਕਿ ਸੰਘਰਸ਼ ਦੇ ÷ਜੜ੍ਹਾਂ÷ ਨੂੰ ਸੰਬੋਧਿਤ ਕਰਦਾ ਹੈ: ਪੁਤਿਨ ਦੁਆਰਾ ਲੰਬੇ ਸਮੇਂ ਤੋਂ ਪ੍ਰਗਟ ਕੀਤੀਆਂ ਗਈਆਂ ਕੁਝ ਮੁੱਖ ਮੰਗਾਂ ਹਨ: (1) ਯੂਕਰੇਨ ਨੂੰ ਨਾਟੋ ਦੀ ਮੈਂਬਰਸ਼ਿਪ ਨਹੀਂ (2) ਰੂਸ ਦੇ ਖਿਲਾਫ ਅੰਤਰਰਾਸ਼ਟਰੀ ਪਾਬੰਦੀਆਂ ਨੂੰ ਖਤਮ ਕਰਨਾ ਅਤੇ ਰੂਸ ਦੇ ਹਿੱਸੇ ਵਜੋਂ ਯੂਕਰੇਨ ਨੂੰ ਮਾਨਤਾ ਦਿੱਤੀ ਗਈ ਹੈ। ਪਿਛਲੇ ਦਹਾਕੇ ਵਿੱਚ ਯੂਕਰੇਨ ਤੋਂ ਐਡ. ਕ੍ਰੀਮੀਆ ਪ੍ਰਾਇਦੀਪ, ਜਿਸ ਨੂੰ ਰੂਸ ਨੇ 2014 ਵਿੱਚ ਸ਼ਾਮਲ ਕੀਤਾ ਸੀ, ਅਤੇ ਚਾਰ ਹੋਰ ਯੂਕਰੇਨੀ ਖੇਤਰਾਂ (ਡੋਨੇਟਸਕ, ਲੁਹਾਨਸਕ, ਜ਼ਪੋਰਿਜ਼ੀਆ ਅਤੇ ਖੇਰਸਨ) ਸਮੇਤ, ਜਿਸ ਨੂੰ ਰੂਸ ਨੇ 2022 ਵਿੱਚ ਆਪਣੇ ਹਮਲੇ ਤੋਂ ਬਾਅਦ ਅੰਸ਼ਕ ਤੌਰ @ਤੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। (4) ਯੂਕਰੇਨ ਨੇ ਆਪਣੀ ਫੌਜ ਦੇ ਆਕਾਰ ਨੂੰ ਘਟਾ ਦਿੱਤਾ ਹੈ (5) ਯੂਕਰੇਨ ਨੇ ਆਪਣੇ ਯੁੱਧ ਦੇ ਖੇਤਰਾਂ ਤੋਂ ਯੂਕਰੇਨ ਨੂੰ ਵਾਪਸ ਲੈ ਲਿਆ ਹੈ ਟਰੰਪ ਨੇ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਹ ਅਮਰੀਕੀ ਜੰਗਬੰਦੀ ਪ੍ਰਸਤਾਵ ਨਾਲ ਸਿਧਾਂਤਕ ਤੌਰ @ਤੇ ਸਹਿਮਤ ਹਨ, ਫਿਰ ਵੀ ਕ੍ਰੇਮਲਿਨ ਦੇ ਨੇਤਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਸਵਾਲ ਅਤੇ ਕੁਝ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਨੂੰ ਸਮਝੌਤਾ ਹੋਣ ਤੋਂ ਪਹਿਲਾਂ ਹੋਰ ਚਰਚਾ ਦੀ ਲੋੜ ਹੈ। ਪੁਤਿਨ ਨੇ ਕਿਹਾ ਕਿ ਉਸਨੂੰ ਗਾਰੰਟੀ ਦੀ ਲੋੜ ਹੈ ਕਿ ਯੂਕਰੇਨ ਰੂਸੀਆਂ ਦੁਆਰਾ ਫੜੇ ਜਾਣ ਤੋਂ ਬਚਣ ਲਈ ਆਪਣੀਆਂ ਫੌਜਾਂ ਨੂੰ ਦੁਬਾਰਾ ਸਪਲਾਈ ਕਰਨ ਜਾਂ ਯੂਕਰੇਨੀ ਲੜਾਕਿਆਂ ਨੂੰ ਕੱਢਣ ਲਈ ਲੜਾਈ ਵਿੱਚ ਵਿਰਾਮ ਦੀ ਵਰਤੋਂ ਨਹੀਂ ਕਰੇਗਾ।ਪੁਤਿਨ ਨੇ ਸੁਝਾਅ ਦਿੱਤਾ ਕਿ ਯੂਕਰੇਨ ਨੇ ਹਾਲ ਹੀ ਵਿੱਚ ਰੂਸੀ ਯੁੱਧ ਖੇਤਰ ਦੀ ਤਰੱਕੀ ਨੂੰ ਰੋਕਣ ਲਈ ਅਮਰੀਕੀ ਪ੍ਰਸਤਾਵ @ਤੇ ਦਸਤਖਤ ਕੀਤੇ ਸਨ, ਪੁਤਿਨ ਨੇ ਇਹ ਵੀ ਪੁੱਛਿਆ ਕਿ ਸਮਝੌਤੇ ਦੀ ਨਿਗਰਾਨੀ ਕੌਣ ਕਰੇਗਾ, ਨਾਲ ਹੀ ਇਸ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਲਈ ਕੀ ਜੁਰਮਾਨੇ ਹੋਣਗੇ। ਰੂਸੀ ਅਧਿਕਾਰੀਆਂ ਨੇ ਨਾਟੋ ਨਾਲ ਜੁੜੇ ਦੇਸ਼ਾਂ ਤੋਂ ਸ਼ਾਂਤੀ ਰੱਖਿਅਕ ਦਲ ਦੇ ਵਿਚਾਰ ਨੂੰ ਵਾਰ-ਵਾਰ ਰੱਦ ਕਰ ਦਿੱਤਾ ਹੈ, ਪੁਤਿਨ ਨੇ ਪਿਛਲੇ ਹਫਤੇ ਵ੍ਹਾਈਟ ਹਾਊਸ ਦੇ ਰਾਜਦੂਤ ਨਾਲ ਮਾਸਕੋ ਵਿੱਚ ਬੰਦ ਦਰਵਾਜ਼ਿਆਂ ਦੇ ਪਿੱਛੇ ਇਸ ਪ੍ਰਸਤਾਵ @ਤੇ ਚਰਚਾ ਕੀਤੀ ਸੀ। ਕ੍ਰੇਮਲਿਨ ਦੇ ਬੁਲਾਰੇ ਮੁਤਾਬਕ ਪੁਤਿਨ ਨੇ ਉਨ੍ਹਾਂ ਨੂੰ ਇਹ ਸੰਦੇਸ਼ ਸਿੱਧੇ ਟਰੰਪ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਸਨ। ਉਸਨੇ ਇਹ ਨਹੀਂ ਦੱਸਿਆ ਕਿ ਉਹ ਕੀ ਸਨ।

ਦੋਸਤੋ, ਜੇਕਰ ਅਸੀਂ ਰੂਸ-ਯੂਕਰੇਨ ਯੁੱਧ ਵਿੱਚ ਹੋਏ ਸਮਝੌਤੇ ਵਿੱਚ ਯੂਕਰੇਨ ਦੀਆਂ ਮੰਗਾਂ ਦੀ ਗੱਲ ਕਰੀਏ ਤਾਂ ਯੂਕਰੇਨ ਪਹਿਲਾਂ ਹੀ 30 ਦਿਨਾਂ ਦੀ ਜੰਗਬੰਦੀ ਲਈ ਸਹਿਮਤ ਹੋ ਚੁੱਕਾ ਹੈ, ਜੇਕਰ ਰੂਸ ਵੀ ਇਸ ਉੱਤੇ ਦਸਤਖਤ ਕਰਦਾ ਹੈ ਤਾਂ ਲੰਬੇ ਸਮੇਂ ਦੇ ਸ਼ਾਂਤੀ ਸਮਝੌਤੇ @ਤੇ ਚਰਚਾ ਹੋ ਸਕਦੀ ਹੈ।ਜੰਗਬੰਦੀ ਵਿੱਚ ਸਾਰੀਆਂ ਫੌਜੀ ਗਤੀਵਿਧੀਆਂ ਦਾ ਅੰਤ ਸ਼ਾਮਲ ਹੋਵੇਗਾ - ਜ਼ਮੀਨੀ, ਸਮੁੰਦਰੀ ਅਤੇ ਹਵਾ ਤੋਂ ਲਾਂਚ ਕੀਤੀਆਂ ਗਈਆਂ ਮਿਜ਼ਾਈਲਾਂ, ਡਰੋਨ ਅਤੇ ਬੰਬ। ਯੂਕਰੇਨ ਇੱਕ ਕੈਦੀ ਅਦਲਾ-ਬਦਲੀ ਅਤੇ ਰੂਸ ਦੁਆਰਾ ਗੈਰ-ਕਾਨੂੰਨੀ ਤੌਰ @ਤੇ ਬੰਧਕ ਬਣਾਏ ਗਏ ਹਜ਼ਾਰਾਂ ਬੱਚਿਆਂ ਦੀ ਵਾਪਸੀ ਚਾਹੁੰਦਾ ਹੈ।ਯੂਕਰੇਨ ਦੇ ਰਾਸ਼ਟਰਪਤੀ ਦੇ ਸਹਿਯੋਗੀ ਨੇ ਕਿਹਾ ਕਿ ਯੂਕਰੇਨੀਅਨ ਜੰਗਬੰਦੀ ਦਾ ਸਮਰਥਨ ਕਰਦੇ ਹਨ ਪਰ ਇੱਕ ਹੋਰ ਹਮਲੇ ਨੂੰ ਰੋਕਣ ਲਈ ਸੁਰੱਖਿਆ ਗਾਰੰਟੀ ਚਾਹੁੰਦੇ ਹਨ ਪਰ ਯਰਮਾਕ ਨੇ ਕਿਹਾ ਕਿ ਕੁਝ ਲਾਲ ਲਾਈਨਾਂ ਹਨ ਜੋ ਯੂਕਰੇਨ ਨੂੰ ਪਾਰ ਕਰਨ ਤੋਂ ਇਨਕਾਰ ਕਰੇਗਾ: ਇਹ ਕਦੇ ਵੀ ਰੂਸ ਦੇ ਕਬਜ਼ੇ ਵਾਲੇ ਖੇਤਰਾਂ ਨੂੰ ਨਹੀਂ ਮੰਨੇਗਾ, ਇਹ ਆਪਣੀ ਫੌਜ ਦਾ ਆਕਾਰ ਨਹੀਂ ਘਟਾਏਗਾ ਅਤੇ ਇਹ ਇੱਕ ਨਿਰਪੱਖ ਰਾਜ ਨਹੀਂ ਬਣੇਗਾ ਰੂਸੀ ਫ਼ੌਜ ਜੰਗ ਦੇ ਮੈਦਾਨ ਵਿਚ ਅੱਗੇ ਵਧ ਸਕਦੀ ਸੀ।ਜ਼ੇਲੇਨਸਕੀ ਨੇ ਯੂਕਰੇਨ ਅਤੇ ਅਮਰੀਕਾ ਦੇ ਸਮਝੌਤੇ @ਤੇ ਹਸਤਾਖਰ ਕੀਤੇ ਜਾਣ ਤੋਂ ਬਾਅਦ ਰੂਸ @ਤੇ ਇਕ ਹੋਰ ਹਫ਼ਤੇ ਦੀ ਜੰਗ ÷ਚੋਰੀ÷ ਕਰਨ ਦਾ ਦੋਸ਼ ਲਗਾਇਆ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਵੇਰਵੇ ਦਾ ਅਧਿਐਨ ਕਰਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ ਟਰੰਪ-ਪੁਤਿਨ ਗੱਲਬਾਤ - ਰੂਸ- ਯੂਕਰੇਨ ਯੁੱਧ ਵਿੱਚ 30 ਦਿਨਾਂ ਦੀ ਜੰਗਬੰਦੀ ਦੀ ਸੰਭਾਵਨਾ - ਇੱਕ ਹਫ਼ਤੇ ਦੇ ਯਤਨਾਂ ਦਾ ਨਤੀਜਾ, ਰੂਸ-ਯੂਕਰੇਨ ਯੁੱਧ-ਅੰਤ ਵੱਲ...ਟਰੰਪ-ਪੁਤਿਨ ਦੇ ਸਕਾਰਾਤਮਕ ਲੰਬੇ ਸਮੇਂ ਦੇ ਨਤੀਜੇ ਦੀ ਪ੍ਰਸ਼ੰਸਾਯੋਗ ਸੰਭਾਵਨਾ - ਰੂਸ-ਯੂਕਰੇਨ ਯੁੱਧ ਨੂੰ ਰੋਕਣ ਲਈ ਰੂਸ-ਯੁਕਰੇਨ ਦੀ ਗੱਲਬਾਤ.



# ਬੱਚਿਆਂ ਦੇ ਬਹੁਤ ਜ਼ਿਆਦਾ ਸਕ੍ਰੀਨ ਟਾਈਮ ਦੇ ਕੀ ਨਤੀਜੇ ਨਿਕਲਦੇ ਹਨ?



ਸੁਰਜੀਤ ਸਿੰਘ ਫਲੋਰਾ
647-829-9397

ਆਪਣੇ ਰੋਜ਼ਾਨਾਂ ਦੇ ਕੰਮ ਕਰਦਿਆਂ ਤੁਹਾਡੇ ਬੱਚਿਆਂ ਦੁਆਰਾ ਫਿਲਮਾਂ ਅਤੇ ਟੀਵੀ ਸ਼ੋਅ ਤੇ ਫੋਨਾਂ ਤੇ ਸ਼ੋਸ਼ਲ ਮੀਡੀਏ ਨੂੰ ਦੇਖਣ ਸੰਬੰਧੀ ਤੁਹਾਡੇ ਮਨ ਵਿਚ ਬਹੁਤ ਸਾਰੇ ਕਈ ਵਾਰ ਸਵਾਲ ਉਠਦੇ ਹੋਣਗੇ। ਪਰ ਇਸ ਵਾਰੇ ਪੂਰੀ ਜਾਣਕਾਰੀ ਲੈਣ ਲਈ ਨਾ ਤਾਂ ਤੁਹਾਡੇ ਕੋਲ ਸਮਾਂ ਹੈ ਨਾ ਕੋਈ ਸਮਝ- ਸੋਚ ਤੇ ਨਾ ਹੀ ਕੋਈ ਸਹੀ ਸਲਾਹ ਦੇਣ ਵਾਲਾ ਹੈ।

ਜਦ ਕਿ ਅਧਿਐਨ ਦਰਸਾਉਂਦੇ ਹਨ ਕਿ ਟੈਲੀਵਿਜ਼ਨ ਦਾ ਜ਼ਿਆਦਾ ਸਮਾਂ ਦੇਖਣਾ ਛੋਟੇ ਬੱਚਿਆਂ ਵਿੱਚ ਬੋਧਾਤਮਕ, ਭਾਸ਼ਾ ਅਤੇ ਸਮਾਜਿਕ-ਭਾਵਨਾਤਮਕ ਵਿਕਾਸ ਵਿੱਚ ਰੁਕਾਵਟਾਂ ਨਾਲ ਜੁੜਿਆ ਹੋਇਆ ਹੈ। ਬਹੁਤ ਜ਼ਿਆਦਾ ਸਕ੍ਰੀਨ ਟਾਈਮ ਬੱਚਿਆਂ ਨੂੰ ਸਿੱਖਣ ਦੇ ਮਹੱਤਵਪੂਰਨ ਮੌਕਿਆਂ ਤੋਂ ਖੁੰਝਾਉਣ ਦਾ ਕਾਰਨ ਬਣ ਰਿਹਾ ਹੈ।

ਨਾਲ ਹੀ, ਬਹੁਤ ਜ਼ਿਆਦਾ ਸਕ੍ਰੀਨ ਟਾਈਮ ਬੱਚੇ ਦੀ ਸਰੀਰਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਹੈ, ਜਿਸਦੇ ਨਤੀਜੇ ਵਜੋਂ ਨੀਂਦ ਵਿੱਚ ਵਿਘਨ, ਅੱਖਾਂ ਵਿੱਚ ਦਬਾਅ ਅਤੇ ਸਿਰ ਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਹ ਫੋਕਸ ਨੂੰ ਘਟਾ ਕੇ ਅਤੇ ਸੰਭਾਵੀ ਤੌਰ @ਤੇ ਬੋਲਣ ਪ੍ਰਕਿਰਿਆਂ ਵਿੱਚ ਦੇਰੀ ਕਰਕੇ ਬੋਧਾਤਮਕ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਇਹ ਭਾਵਨਾਤਮਕ ਪੱਧਰ @ਤੇ ਨਸ਼ਾ, ਚਿੰਤਾ ਅਤੇ ਹਾਈਪਰਐਕਟੀਵਿਟੀ ਦੇ ਲੱਛਣਾਂ ਦਾ ਕਾਰਨ ਬਣ ਰਿਹਾ ਹੈ।

ਇਸ ਤੋਂ ਇਲਾਵਾ, ਇਹ ਸਮਾਜਿਕ ਪਰਸਪਰ ਪ੍ਰਭਾਵ ਨੂੰ ਘਟਾ ਕੇ ਅਤੇ ਮਾਪਿਆਂ-ਬੱਚਿਆਂ ਦੇ ਬੰਧਨ ਅਤੇ ਸੰਚਾਰ ਨੂੰ ਪ੍ਰਭਾਵਿਤ ਕਰਕੇ ਸਮਾਜਿਕ ਵਿਕਾਸ ਵਿੱਚ ਰੁਕਾਵਟ ਪਾ ਰਿਹਾ ਹੈ, ਜਿਥੇ ਕਿ ਭਰੋਸੇਯੋਗ ਸਲਾਹ ਲੱਭਣਾ ਚੁਣੌਤੀਪੂਰਨ ਸਾਬਿਤ ਹੋ ਰਿਹਾ ਹੈ।

ਇਹ ਖਾਸ ਤੌਰ @ਤੇ ਸੱਚ ਹੈ ਕਿਉਂਕਿ ਪ੍ਰਭਾਵਕ ਅਕਸਰ ਬੱਚਿਆਂ ਨੂੰ ਖਪਤ ਕਰਨ ਵਾਲੀ ਸਮੱਗਰੀ ਬਾਰੇ ਵੱਖੋ-ਵੱਖਰੇ ਅਤੇ ਸ਼ੱਕੀ ਵਿਚਾਰ ਰੱਖਦੇ ਹਨ। ਹਾਲਾਂਕਿ, ਕਈ ਚੰਗੀ ਤਰ੍ਹਾਂ ਜਾਂਚੇ ਗਏ ਕਾਰਨ ਹਨ ਕਿ ਬਹੁਤ ਜ਼ਿਆਦਾ ਸਕ੍ਰੀਨ ਸਮਾਂ ਬੱਚਿਆਂ ਲਈ ਨੁਕਸਾਨਦੇਹ ਕਿਉਂ ਹੈ। ਉਦਾਹਰਣ ਵਜੋਂ, ਜੋ ਬੱਚੇ ਸਕ੍ਰੀਨਾਂ ਦੇ ਸਾਹਮਣੇ ਬਹੁਤ ਜ਼ਿਆਦਾ ਸਮਾਂ ਬਿਤਾਉਂਦੇ ਹਨ, ਉਨ੍ਹਾਂ ਦਾ ਭਾਰ ਵੱਧਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਇਹ ਮੁੱਖ ਤੌਰ @ਤੇ ਸਨੈਕਿੰਗ ਦੀਆਂ ਵਧੀਆਂ ਆਦਤਾਂ ਅਤੇ ਘੱਟ ਬਾਹਰੀ ਗਤੀਵਿਧੀਆਂ ਕਾਰਨ ਹੁੰਦਾ ਹੈ।

ਜੋ ਬੱਚੇ ਵੀਡੀਓ ਸਮੱਗਰੀ ਦਾ ਭਾਵ ਟੀਵੀ, ਕੰਮਪਿਊਟਰ, ਮੋਬਾਇਲ ਫੋਨਾਂ ਤੇ ਗੇਮਾਂ, ਸ਼ੋਸ਼ਲ ਮੀਡੀਏ ਤੇ 24/7 ਅੱਖਾਂ ਗੱਡੀ ਰੱਖਦੇ ਹਨ, ਉਹ ਅਕਸਰ ਥਕਾਵਟ ਦਾ ਅਨੁਭਵ ਕਰਦੇ ਹਨ, ਕਿਉਂਕਿ ਕੈਮਰਾ ਜ਼ੂਮਿੰਗ, ਪੈਨਿੰਗ ਅਤੇ ਸੀਨ ਟ੍ਰਾਂਜਿਸ਼ਨ ਦੀਆਂ ਤਕਨੀਕਾਂ ਸਾਡੀ ਦਿਸ਼ਾ ਪ੍ਰਤੀਕਿਰਿਆ ਨੂੰ ਉਤੇਜਿਤ ਕਰਦੀਆਂ ਹਨ। ਭਾਵੇਂ ਸਕ੍ਰੀਨ ਚਾਲੂ ਹੋਵੇ ਜਾਂ ਪਿਛੋਕੜ ਵਿੱਚ, ਇਹ ਲਗਾਤਾਰ ਸਾਡਾ ਧਿਆਨ ਖਿੱਚਦੀਆਂ ਹਨ। ਜੋ ਬੱਚਿਆ ਦੇ ਮਨ - ਮਸਤਕ ਨੂੰ ਕਮਜ਼ੋਰ ਹੀ ਨਹੀਂ ਬੱਲਕੇ ਭਟਕਾ ਦਿੰਦੀਆਂ ਹਨ। ਇਸ ਲਈ ਤੁਹਾਡੇ ਬੱਚੇ ਕੀ ਦੇਖ ਰਹੇ ਹਨ ਇਸ ਬਾਰੇ ਸੁਚੇਤ ਰਹਿਣਾ ਬਹੁਤ ਮਹੱਤਵਪੂਰਨ ਹੈ।

ਉਦਾਹਰਣ ਵਜੋਂ, ਐਕਸ਼ਨ ਫਿਲਮਾਂ ਅਤੇ ਟੀਵੀ ਸ਼ੋਅ ਅਕਸਰ ਬੇਰਹਿਮੀ ਦੇ ਇੱਕ ਪੱਧਰ ਨੂੰ ਦਰਸਾਉਂਦੀਅ ਹਨ ਜੋ ਅਸਲੀਅਤ ਤੋਂ ਕਿਤੇ ਵੱਧ ਹੈ, ਜਿੱਥੇ ਹਿੰਸਾ ਨੂੰ ਅਕਸਰ ਸਜ਼ਾ ਨਹੀਂ ਦਿੱਤੀ ਜਾਂਦੀ, ਗਲੈਮਰਾਈਜ਼ ਕੀਤਾ ਜਾਂਦਾ ਹੈ, ਜਾਂ ਹਾਸੋਹੀਣੇ ਮਜਾਕ ਵਿੱਚ ਵੀ ਪੇਸ਼ ਕੀਤਾ ਜਾਂਦਾ ਹੈ।

ਅਸਲ ਪ੍ਰਭਾਵਾਂ ਨੂੰ ਬਹੁਤ ਘੱਟ ਦਰਸਾਇਆ ਜਾਂਦਾ ਹੈ। ਬਹੁਤ ਸਾਰੇ ਵੀਡੀਓ, ਇਸ਼ਤਿਹਾਰ ਅਤੇ ਫਿਲਮਾਂ ਜੋਖ਼ਮ ਭਰੇ ਵਿਵਹਾਰ, ਜਿਵੇਂ ਕਿ ਸਿਗਰਟਨੋਸ਼ੀ, ਸ਼ਰਾਬ ਪੀਣਾ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਨੂੰ ਮਜ਼ੇਦਾਰ ਅਤੇ ਆਕਰਸ਼ਕ ਦਿਖਾਇਆਂ ਜਾਂਦਾ ਹੈ ਜੋ ਬੱਚਿਆ ਦੇ ਮਨਾਂ ਨੂੰ ਆਪਣੇ ਵੱਲ ਖਿਚਦਾ ਹੈ, ਉਹਨਾਂ ਦੀ ਇਹਨਾਂ ਨੂੰ ਵਰਤਣ ਦੀ ਲਾਲਸਾ ਵੱਧਦੀ ਹੈ। ਬਹੁਤ ਸਾਰਾ ਜਿਨਸੀ ਵਿਵਹਾਰ ਹੈ, ਜਿਸ ਵਿੱਚ ਨੌਜਵਾਨ, ਆਕਰਸ਼ਕ ਕੱਪੜੇ ਪਾਉਂਦੇ ਹਨ ਅਤੇ ਭੜਕਾਊ ਢੰਗ ਨਾਲ ਕੰਮ ਕਰਦੇ ਹਨ। ਸੈਕਸ ਨੂੰ ਅਕਸਰ ਹਕੀਕਤ ਦੇ ਉਲਟ, ਇੱਕ ਗਲੈਮਰਸ ਤਰੀਕੇ ਨਾਲ ਦਿਖਾਇਆ ਜਾਂਦਾ ਹੈ, ਅਤੇ ਵਚਨਬੱਧਤਾ, ਗਰਭ ਨਿਰੋਧ, ਬਾਰੇ ਗੱਲਾਂ ਘੱਟ ਹੀ ਕਵਰ ਕੀਤੀਆਂ ਜਾਂਦੀਆਂ ਹਨ। ਬੱਚੇ ਮਾਪਿਆਂ ਦੀ ਅਗਵਾਈ ਤੋਂ ਬਿਨਾਂ ਗੁੰਮਰਾਹਕੁੰਨ ਸੰਸਕਾਰ ਵਾਲੇ ਜਾਲ ਵਿਵ ਫਸ ਰਹੇ ਹਨ। ਮਾਪਿਆਂ ਦੀ ਅਗਵਾਈ ਤੋਂ ਬਿਨਾਂ, ਬੱਚੇ ਇੱਕ ਰੋਮਾਂਟਿਕ ਸਾਥੀ ਤੋਂ ਉਮੀਦਾਂ ਅਤੇ ਇੱਕ ਦੂਜੇ ਨਾਲ ਕਿਵੇਂ ਪੇਸ਼ ਆਉਣਾ ਹੈ ਬਾਰੇ ਗੁੰਮਰਾਹਕੁੰਨ ਆਦਤਾਂ ਦੇ ਆਦੀ ਹੋ ਰਹੇ ਹਨ। ਮਨੋਰੰਜਨ ਉਦਯੋਗ ਅਕਸਰ ਬੱਚਿਆਂ ਨੂੰ ਅਜੀਬ ਵਿਚਾਰ ਦਿਖਾਉਂਦਾ ਹੈ ਕਿ ਲੋਕਾਂ ਨੂੰ ਕਿਵੇਂ ਦਿਖਣਾ ਚਾਹੀਦਾ ਹੈ।

ਉਹ ਦਲੀਲ ਦਿੰਦੇ ਹਨ ਕਿ ਸੁੰਦਰਤਾ, ਦੌਲਤ ਅਤੇ ਸ਼ੈਲੀ ਜ਼ਿੰਦਗੀ ਦੇ ਇੱਕੋ ਇੱਕ ਮਹੱਤਵਪੂਰਨ ਪਹਿਲੂ ਹਨ, ਜੋ ਬਹੁਤ ਹੀ ਗਲੈਮਰਸ ਅਦਾਕਾਰਾਂ ਦੀ ਸਰੀਰਕ ਖਿੱਚ ਨੂੰ ਉਜਾਗਰ ਕਰਦੇ ਹਨ।

ਬੱਚੇ ਅਸਲ ਜੀਵਨ ਦੇ ਤਜ਼ਰਬਿਆਂ ਜਿਵੇਂ ਕਿ ਸਰੀਰਕ ਖੇਡ, ਗੱਲਬਾਤ, ਗਾਉਣਾ, ਪੜ੍ਹਨਾ ਅਤੇ ਸੰਗੀਤ ਸੁਣਨਣ ਨਾਲੋਂ ਔਨਲਾਈਨ ਤੇ ਗੰਦ - ਮੰਦ ਦੇਖਣ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਗਿਆਨ ਪ੍ਰਾਪਤ ਕਰਦੇ ਹਨ।

ਤੁਹਾਡੇ ਬੱਚੇ ਦੇ ਭਾਸ਼ਾਈ ਹੁਨਰ ਸਿਰਫ਼ ਫਿਲਮਾਂ ਦੇਖਣ ਨਾਲ ਹੀ ਸੁਧਰ ਨਹੀਂ ਸਕਦੇ। ਉਹਨਾਂ ਨੂੰ ਅਸਲ ਗੱਲਬਾਤ, ਕਹਾਣੀਆਂ, ਮੌਜ-ਮਸਤੀ ਅਤੇ ਗਤੀਵਿਧੀਆਂ ਦੀ ਲੋੜ ਹੁੰਦੀ ਹੈ। ਆਪਣੇ ਬੱਚਿਆਂ ਨੂੰ ਇਕੱਠੇ ਖੇਡਣ, ਪੜ੍ਹਨ, ਕਲਾ ਅਤੇ ਸ਼ਿਲਪਕਾਰੀ ਦੀ ਪੜਚੋਲ ਕਰਨ, ਜਾਂ ਘਰੇਲੂ ਕੰਮਾਂ ਵਿੱਚ ਮਦਦ ਕਰਨ ਵਰਗੀਆਂ ਗਤੀਵਿਧੀਆਂ ਲਈ ਆਪਣੇ ਖਾਲੀ ਸਮੇਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ। ਸਕ੍ਰੀਨ ਸਮੇਂ ਨੂੰ ਘਟਾ ਕੇ ਸਕਾਰਾਤਮਕ ਵਿਵਹਾਰ ਦਿਖਾਉ ਅਤੇ ਉਹਨਾਂ ਨੂੰ ਇਹ ਦਿਖਾਉਣ ਦਿਉ ਕਿ ਤੁਸੀਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹੋ। ਹੋਮਵਰਕ ਜਾਂ ਕੰਮ ਪੂਰਾ ਹੋਣ ਤੱਕ ਸਕ੍ਰੀਨਾਂ ਦੀ ਵਰਤੋ ਨਾ ਕਰਨ ਵਰਗੇ ਬੁਨਿਆਦੀ ਨਿਯਮ ਸੈੱਟ ਕਰੋ। ਬੱਚਿਆਂ ਦੇ ਬੈੱਡਰੂਮਾਂ ਤੋਂ ਸਕ੍ਰੀਨਾਂ ਨੂੰ ਬਾਹਰ ਰੱਖੋ ਅਤੇ ਜਦੋਂ ਤੁਹਾਡੇ ਬੱਚੇ ਆਪਣਾ ਹੋਮਵਰਕ ਕਰਦੇ ਹਨ ਤਾਂ ਉਹਨਾਂ ਦੀ ਵਰਤੋਂ ਕਰਨ ਤੋਂ ਦੂਰ ਰਹਿਣ ਦੀ ਸਿੱਖਿਆ ਦਿਉ। ਜਦੋਂ ਸਕ੍ਰੀਨ ਨੇੜੇ ਹੋਵੇਗੀ ਤਾਂ ਉਹ ਬਹੁਤ ਘੱਟ ਜਾਣਕਾਰੀ ਲੈਣਗੇ, ਭਾਵੇਂ ਇਹ ਸਿਰਫ਼ ਪਿਛੋਕੜ ਵਿੱਚ ਹੀ ਕਿਉਂ ਨਾ ਹੋਵੇ। ਖਾਣੇ ਦੌਰਾਨ ਸਾਰੀਆਂ ਸਕ੍ਰੀਨਾਂ ਨੂੰ ਦੂਰ ਰੱਖੋ।

ਮਾਪੇ ਸਕ੍ਰੀਨ ਸਮੇਂ ਅਤੇ ਪਹੁੰਚ ਕੀਤੀ ਜਾ ਸਕਣ ਵਾਲੀ ਸਮੱਗਰੀ ਦੀਆਂ ਕਿਸਮਾਂ @ਤੇ ਸੀਮਾਵਾਂ ਨਿਰਧਾਰਤ ਕਰਕੇ ਸੰਤੁਲਨ ਪ੍ਰਾਪਤ ਕਰ ਸਕਦੇ ਹਨ, ਜਦੋਂ ਕਿ ਇੱਕ ਸਮਾਂ-ਸਾਰਣੀ ਸਥਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ, ਆਪਣੇ ਬੱਚੇ ਨਾਲ ਸਕ੍ਰੀਨ ਦੇ ਸਾਹਮਣੇ ਹੋਣ ਵਾਲੇ ਸਮੇਂ ਨਾਲੋਂ ਗੱਲਬਾਤ ਕਰਨ ਲਈ ਵਧੇਰੇ ਸਮਾਂ ਸਮਰਪਿਤ ਕਰੋ।

ਇਕੱਠੇ ਬੈਠ ਕੇ ਵੱਖ-ਵੱਖ ਸਮੱਗਰੀ ਦੇਖਣ ਦਾ ਅਨੰਦ ਲਉ ਅਤੇ ਆਪਣੇ ਬੱਚਿਆਂ ਨਾਲ ਉਨ੍ਹਾਂ ਦੇ ਥੀਮਾਂ ਬਾਰੇ ਗੱਲਬਾਤ ਵਿੱਚ ਸ਼ਾਮਲ ਹੋਵੋ। ਹਕੀਕਤ ਅਤੇ ਕਲਪਨਾ ਵਿਚਕਾਰ ਅੰਤਰ ਦੀ ਜਾਂਚ ਕਰੋ, ਅਤੇ ਪੜਚੋਲ ਕਰੋ ਕਿ ਫਿਲਮਾਂ ਤੁਹਾਡੇ ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ। ਹੌਲੀ-ਹੌਲੀ ਉਨ੍ਹਾਂ ਨੂੰ ਹੋਰ ਆਜ਼ਾਦੀ ਦਿਉ ਕਿਉਂਕਿ ਉਹ ਜ਼ਿੰਮੇਵਾਰੀ ਨਾਲ ਟੀਵੀ ਅਤੇ ਇੰਟਰਨੈਟ ਦੀ ਵਰਤੋਂ ਕਰਨ ਵਿੱਚ ਮਾਹਰ ਹੋ ਜਾਂਦੇ ਹਨ।

# ਬਾਹਰੀ ਕੁੜੀ

ਬਰਜਿੰਦਰ ਕੌਰ ਬਿਸਰਾਓ
9988901324

ਸੰਦੀਪ ਆਪਣੇ ਪਰਿਵਾਰ ਦਾ ਸਭ ਤੋਂ ਛੋਟਾ ਮੁੰਡਾ ਸੀ ।ਉਸ ਦਾ ਇੱਕ ਵੱਡਾ ਭਰਾ ਅਤੇ ਇੱਕ ਵੱਡੀ ਭੈਣ ਸੀ ਜੋ ਵਿਆਹੇ ਹੋਏ ਸਨ ।ਉਸ ਦੇ ਪਿਤਾ ਜੀ ਬਿਜਲੀ ਮਹਿਕਮੇ ਵਿੱਚੋਂ ਰਿਟਾਇਰ ਹੋ ਕੇ ਵਿਹਲੇ ਸਨ ।ਉਸ ਦੀ ਵੱਡੀ ਭਰਜਾਈ ਸੁਭਾਅ ਪੱਖੋਂ ਬਹੁਤ ਨਰਮ ਸੀ ।ਇਸੇ ਲਈ ਤਾਂ ਉਸ ਦੀ ਆਪਣੀ ਸੱਸ ਨਾਲ ਬਹੁਤ ਬਣਦੀ ਸੀ ।ਘਰ ਦੇ ਸਾਰੇ ਕੰਮ ਦੋਵੇਂ ਆਪਸੀ ਸਲਾਹ ਮਸਵਰਾ ਕੀਤੇ ਬਿਨਾਂ ਨਹੀ ਕਰਦੀਆਂ ਸਨ ।ਸਾਰਾ ਪਰਿਵਾਰ ਬਹੁਤ ਖੁਸਹਾਲ ਪਰਿਵਾਰ ਸੀ ।ਸੰਦੀਪ ਨੇ ਵੀ ਗ੍ਰੈਜੂਏਸਨ ਕਰਕੇ ਪੋਸਟ ਗ੍ਰੈਜੂਏਸਨ ਕਰਨ ਲਈ ਕਾਲਜ ਵਿੱਚ ਦਾਖਲਾ ਲੈ ਲਿਆ ਸੀ ।ਛੋਟਾ ਹੋਣ ਕਰਕੇ ਸਾਰਿਆਂ ਨੂੰ ਉਸ ਦੇ ਵਿਆਹ ਦੇ ਦਿਨ ਦੀ ਉਡੀਕ ਸੀ ।ਜਦ ਵੀ ਕੋਈ ਰਿਸਤੇ ਦੀ ਗੱਲ ਚੱਲਦੀ ਤਾਂ ਉਹ ਇੱਕੋ ਗੱਲ ਆਖਦਾ ਕਿ ਉਹ ਤਾਂ ਬਾਹਰਲੀ ਕੁੜੀ ਨਾਲ ਹੀ ਵਿਆਹ ਕਰਵਾਏਗਾ । ਇਸ ਗੱਲ ਦੀ ਤਾਂ ਉਸ ਨੇ ਜਿ ?ਦ ਹੀ ਫੜ ਲਈ ਸੀ ਕਿ ਉਸ ਲਈ ਸਿਰਫ ਬਾਹਰਲੀ ਕੁੜੀ ਦਾ ਰਿਸਤਾ ਹੀ ਲੱਭਿਆ ਜਾਵੇ ।

ਹੁਣ ਸੰਦੀਪ ਦੀ ਪੋਸਟ ਗ੍ਰੈਜੂਏਸਨ ਮੁਕੰਮਲ ਹੋ ਚੁੱਕੀ ਸੀ ।ਉਹ ਸਰਕਾਰੀ ਨੌਕਰੀ ਲਈ ਹੱਥ ਪੈਰ ਮਾਰਦਾ ਪਰ ਕਿਤੇ ਵੀ ਗੱਲ ਨਾ ਬਣਦੀ । ਪ੍ਰਾਈਵੇਟ ਨੌਕਰੀ ਕੋਈ ਢੰਗ ਦੀ ਨਹੀਂ ਮਿਲਦੀ ਸੀ । ਇੱਕ ਦਿਨ ਦੂਰ ਦੀ ਕਿਸੇ ਰਿਸਤੇਦਾਰੀ ਵਿੱਚ ਕੁੜੀ ਬਾਹਰੋਂ ਆਈ ਸੀ ਉਸ ਦਾ ਰਿਸਤਾ ਸੰਦੀਪ ਲਈ ਆਇਆ ਤਾਂ ਉਸ ਨੇ ਬਿਨਾਂ ਕੁਝ ਪੁੱਛੇ ਜਾਣੇ ਆਪਣੀ ਮਾਂ ਨੂੰ ਕਿਹਾ,"ਮੰਮੀ ,ਜੇ ਇੱਥੇ ਗੱਲ ਬਣਦੀ ਹੈ ਤਾਂ ਮੇਰੇ ਵੱਲੋਂ ਹਾਂ ਹੀ ਸਮਝੋ ।"ਉਸ ਦੀ ਮਾਂ ਨੇ ਵਿਚੋਲਣ ਨੂੰ ਬੁਲਾ ਕੇ ਗੱਲ ਬਾਤ ਸੁਰੂ ਕੀਤੀ ।ਕੁੜੀ ਤਾਂ ਬਹੁਤ ਸੋਹਣੀ ਸੀ ਪਰ ਸੰਦੀਪ ਨਾਲੋਂ ਉਮਰ ਵਿੱਚ ਵੱਡੀ ਲੱਗਦੀ ਸੀ ।ਦੇਖ ਦਿਖਾਈ ਤੋਂ ਬਾਅਦ ਸਗਨ ਵੀ ਹੋ ਗਿਆ ।ਦਸ ਦਿਨ ਦੇ ਅੰਦਰ-ਅੰਦਰ ਵਿਆਹ ਵੀ ਹੋ ਗਿਆ ।ਸਾਰੇ ਬਹੁਤ ਹੀ ਖੁਸ ਸਨ । ਬਾਹਰਲੀ ਕੁੜੀ ਨਾਲ ਵਿਆਹ ਹੁੰਦੇ ਸਾਰ ਸਾਰੇ ਬਾਹਰ ਜਾਣ ਦੇ ਸੁਪਨੇ ਵੇਖਣ ਲੱਗੇ । ਨਵੀਂ ਵਹੁਟੀ ਨੂੰ ਦੇਖ ਕੇ ਸਾਰੇ ਬਹੁਤ ਖੁਸ ਸਨ ਪਰ ਉਸ ਦਾ ਨਖਰਾ ਬਹੁਤ ਉੱਚਾ ਸੀ ।ਉਹ ਬਹੁਤਾ ਸਮਾਂ ਆਪਣੇ ਕਮਰੇ ਵਿੱਚ ਹੀ ਬੈਠੀ ਰਹਿੰਦੀ ਜਾਂ ਫਿਰ ਸਾਮ ਨੂੰ ਆਪਣੇ ਪਤੀ ਨਾਲ ਬਾਹਰ ਘੁੰਮਣ ਚਲੀ ਜਾਂਦੀ ।

ਵਿਆਹ ਤੋਂ ਕੁਝ ਦਿਨ ਬਾਦ ਉਹ ਇੱਕ ਦਿਨ ਸੰਦੀਪ ਨਾਲ ਆਪਣੇ ਕਮਰੇ ਵਿੱਚ ਬੈਠੀ ਸੀ । ਉਸ ਦੀ ਸੱਸ ਨੇ ਰੋਟੀ ਫੜਾਉਣ ਲਈ ਦਰਵਾਜਾ ਖੜਕਾਇਆ ਤੇ ਰੋਟੀ ਦੀ ਥਾਲੀ ਲੈ ਕੇ ਅੰਦਰ ਆ ਗਈ । ਸੱਸ ਨੂੰ ਦੇਖਦੇ ਸਾਰ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਬੋਲੀ, "ਮੰਮੀ ਜੀ ਤੁਹਾਨੂੰ ਐਨੀ ਵੀ ਅਕਲ ਨਹੀਂ ਅਸੀਂ ਆਪਣੇ ਕਮਰੇ ਵਿਚ ਬੈਠੇ ਹਾਂ, ਤੁਸੀਂ ਮੂੰਹ ਚੁੱਕ ਕੇ ਸਾਡੇ ਕਮਰੇ ਵੱਲ ਆ ਗਏ ਹੋ, ਜੇ ਸਾਨੂੰ ਲੋੜ ਹੋਊਗੀ ਆਪੇ ਆ ਕੇ ਖਾ ਲਵਾਂਗੇ । " ਨਹੋਰਾ ਮਾਰਦੇ ਹੋਏ ਬੋਲੀ, "ਐਨੀ ਅਕਲ ਵੀ ਨਹੀਂ ਇੰਡੀਆ ਦੇ ਲੋਕਾਂ ਨੂੰ ।"

"ਨੀ ਧੀਏ ਮੈਂ ਸੋਚਿਆ ਭੁੱਖ ਲੱਗੀ ਹੋਊਗੀ, ਮੈਂ ....ਤਾਂ ਲੈ ਆਈ ਰੋਟੀ, ਨਾਲੇ ਸੰਦੀਪ ਨੂੰ ਤਾਂ ਐਸ ਵੇਲੇ ਨੂੰ ਭੁੱਖ ਲੱਗ ਜਾਂਦੀ ਆ ।" ਸੰਦੀਪ ਦੀ ਮਾਂ ਨੇ ਕਿਹਾ ।

"ਮੈਂ ਸੰਦੀਪ ਦੀ ਪਤਨੀ ਹਾਂ ਮੇਰੇ ਨਾਲੋਂ ਜਿ ?ਆਦਾ ਤੁਸੀਂ ਨਹੀਂ ਜਾਣਦੇ ਉਸਨੂੰ," ਸੰਦੀਪ ਦੀ ਪਤਨੀ ਜੈਸਮੀਨ ਚੀਖ ਕੇ ਗੁੱਸੇ ਨਾਲ ਬੋਲੀ ।

ਕੋਲ ਬੈਠੇ ਸੰਦੀਪ ਨੇ ਆਪਣੀ ਪਤਨੀ ਨੂੰ ਠਰ੍ਹੰਮੇ ਨਾਲ ਕਿਹਾ,"ਜੈਸਮੀਨ, ਮੰਮੀ ਜੀ ਸਾਹਮਣੇ ਇਸ ਤਰ੍ਹਾਂ ਥੋੜ੍ਹੇ ਬੋਲੀਦਾ ਹੈ, ਉਹ ਵੱਡੇ ਹਨ, ਉਹ ਆਪਣੇ ਲਈ ਖਾਣਾ ਹੀ ਤਾਂ ਲੈ ਕੇ ਆਏ ਨੇ, ਇਹਦੇ ਵਿਚ ਏਨੀ ਨਾਰਾਜਗੀ ਵਾਲੀ ਕਿਹੜੀ ਗੱਲ ਹੈ ?"

"ਤੁਸੀਂ ਵੀ ਮੈਨੂੰ ਮਾੜਾ ਬਣਾਉਣ ਲੱਗੇ ਹੋ , ਸੰਦੀਪ ਮੈਨੂੰ ਇਹ ਬਦਤਮੀਜੀਆਂ ਬਿਲਕੁਲ ਪਸੰਦ ਨਹੀਂ । ਤੂੰ ਆਪਣੀ ਮਾਂ ਦਾ ਪੱਖ ਲੈ ਰਿਹਾ ਹੈਂ ?ਆਈ ਡੌਂਟ ਲਾਈਕ ਇਟ.......ਯੂ.....ਟਿਪੀਕਲ ਇੰਡੀਅਨ ਹਸਬੈਂਡ..... ।" ਜੈਸਮੀਨ ਗੁੱਸੇ ਵਿੱਚ ਉੱਚੀ ਬੋਲੀ । ਉੱਧਰੋਂ ਸੰਦੀਪ ਦੇ ਭਾਬੀ ਤੇ ਭਰਾ ਜੈਸਮੀਨ ਦੀ ਉੱਚੀ ਆਵਾਜ ਸੁਣ ਕੇ ਭੱਜੇ ਆਏ ਤੇ ਕਾਰਨ ਪੁੱਛਣਾ ਚਾਹਿਆ ।

ਸੰਦੀਪ ਤੇ ਉਸ ਦੀ ਮਾਂ ਗੱਲ ਤੇ ਪਰਦਾ ਪਾਉਣ ਲਈ ਇਕਦਮ ਇਕੱਠੇ ਬੋਲੇ," ਕੁਛ ਨਹੀਂ... ਕੁਛ ਨਹੀਂ ।"

ਜੈਸਮੀਨ ਵਿੱਚੋਂ ਟੋਕ ਕੇ ਬੋਲੀ ,"ਕੀ ਕੁਝ.... ਨਹੀਂ ,ਕੁਝ ਨਹੀਂ.... ਇਹ ਕੋਈ ਜਿ ?ਦਗੀ ਹੈ ....ਮੈਂ ਨਹੀਂ ਰਹਿ ਸਕਦੀ ਇਸ ਘਰ ਵਿੱਚ..... ਕੋਈ ਪ੍ਰਾਈਵੇਸੀ ਨਾਂ ਦੀ ਚੀਜ ਹੀ ਨਹੀਂ....... ਇਹਨਾਂ ਦੀ ਕਸਰ ਸੀ ਆਉਣ ਦੀ.... ਇਹ ਘਰ ਨਹੀਂ ਚਿੜੀਆਘਰ ਹੈ ।"

ਸੰਦੀਪ ਤੋਂ ਸਾਰਿਆਂ ਦੀ ਬੇਇੱਜਤੀ ਸਹਾਰੀ ਨਾ ਗਈ ਕਿਉਂਕਿ ਇਸ ਤਰ੍ਹਾਂ ਦੀ ਘਟਨਾ ਉਹਨਾਂ ਦੇ ਘਰ ਵਿੱਚ ਪਹਿਲੀ ਵਾਰ ਵਾਪਰ ਰਹੀ ਸੀ ਉਹ ਆਪਣੇ ਆਪ ਨੂੰ ਪਤੀ ਦੇ ਹੱਕ ਨਾਲ ਉਸ ਨੂੰ ਚੁੱਪ ਕਰਾਉਣ ਲਈ ਇੱਕ ਦਮ ਉੱਚੀ ਬੋਲਿਆ,"ਜੈਸਮੀਨ..... ਚੁੱਪ ਕਰ ਜਾ ।"

ਜੈਸਮੀਨ ਵਿਚੋਂ ਟੋਕ ਕੇ ਆਪਣੀ ਉਂਗਲ ਸੰਦੀਪ ਤੇ ਉਠਾ ਕੇ, ਇਕਦਮ ਬੋਲੀ ,"ਯੂ ਸੱਟ ਅੱਪ......... ਮੈਂ ਨਹੀਂ ਰਹਿ ਸਕਦੀ ਇਸ ਚਿੜੀਆਘਰ ਵਿੱਚ.... ਮੈਂ ਆਪਣੇ ਬਰਦਰ ਨੂੰ ਫੋਨ ਕਰਦੀ ਹਾਂ," ਜੈਸਮੀਨ ਫੋਨ ਚੁੱਕ ਕੇ ਨੰਬਰ ਮਿਲਾਉਣ ਲੱਗੀ ਤਾਂ ਸੰਦੀਪ ਨੇ ਉਸ ਤੋਂ ਫੋਨ ਨਾ ਕਰਨ ਤੋਂ ਰੋਕਣ ਲਈ ਫੋਨ ਖੋਹਣ ਲੱਗਿਆ ਤਾਂ ਉਸ ਨੇ ਹੋਰ ਵੱਡੀ ਗੱਲ ਬਣਾ ਦਿੱਤੀ," ਤੂੰ ਮੈਨੂੰ ਮਾਰ ਰਿਹਾਂ.... ?ਤੇਰੀ ਐਨੀ ਹਿੰਮਤ..... ਤੂੰ ਮੇਰੇ ਕੋਲੋਂ ਫੋਨ ਕਿਉਂ ਖੋਹਿਆ........ ?" ਜੈਸਮੀਨ ਦਾ ਗੁੱਸਾ ਸੱਤਵੇਂ ਅਸਮਾਨ ਤੇ ਸੀ । ਸੰਦੀਪ ਨੇ ਠੰਡਾ ਹੋ ਕੇ ਪਿਆਰ ਨਾਲ ਕਿਹਾ ," ਜੈਸਮੀਨ...ਗੁੱਸਾ ਠੰਡਾ ਕਰ ।"

ਸੰਦੀਪ ਦੀ ਮਾਂ ਬੋਲੀ," ਧੀਏ ਘਰਾਂ ਵਿੱਚ ਤਾਂ ਵੱਡੀਆਂ ਵੱਡੀਆਂ ਗੱਲਾਂ ਹੋ ਜਾਂਦੀਆਂ, ਪੇਕਿਆਂ ਨੂੰ ਥੋੜ੍ਹਾ ਦੱਸੀਦੀ ਆ ਨਿੱਕੀ ਨਿੱਕੀ ਗੱਲ.... ਮੈਂ ਤੈਨੂੰ ਸੌਰੀ ਕਹਿੰਦੀ ਆਂ ।" ਕਹਿਕੇ ਉਹ ਉਸ ਨੂੰ ਲਾਡ ਨਾਲ ਜੱਫੀ ਵਿੱਚ ਲੈਣ ਲੱਗੀ ਤਾਂ ਉਸ ਨੇ ਮੰਮੀ ਦੀਆਂ ਬਾਹਾਂ ਗੁੱਸੇ ਨਾਲ ਪਰਾਂ ਪਟਕਾ ਮਾਰਿਆ ।



ਸੰਦੀਪ ਦੇ ਭਰਾ- ਭਰਜਾਈ ਵੀ ਜੈਸਮੀਨ ਨੂੰ ਸਮਝਾਉਣ ਲਈ ਕੁਝ ਬੋਲਣ ਹੀ ਲੱਗੇ ਸੀ ਕਿ ਉਹ ਉਹਨਾਂ ਨੂੰ ਅੱਖਾਂ ਕੱਢ ਕੇ ਗੁੱਸੇ ਨਾਲ ਬੋਲੀ," ਹੂ ਆਰ ਯੂ ਟੂ ਇੰਟਰਫੇਅਰ.....(ਤੁਸੀਂ ਕੌਣ ਹੋ ਦਖਲ ਦੇਣ ਵਾਲੇ)" ....ਉਹ ਉਸੇ ਸਮੇਂ ਚੁੱਪ ਕਰ ਗਏ ।

ਸੰਦੀਪ ਤੋਂ ਆਪਣਾ ਫੋਨ ਖੋਹ ਕੇ ਆਪਣੇ ਭਰਾਵਾਂ ਨੂੰ ਫੋਨ ਕਰ ਦਿੱਤਾ ਤੇ ਦੋ ਕੁ ਘੰਟੇ ਬਾਅਦ ਉਸ ਦੇ ਭਰਾ ਆ ਗਏ ।ਉਹ ਬਲੈਕ ਕਮਾਂਡੋ ਵਾਂਗ ਫੂੰ ਫੂੰ ਕਰਦੇ ਦਗੜ ਦਗੜ ਕਰਦੇ ਅੰਦਰ ਆ ਵੜੇ ।ਉਹ ਵੀ ਆਪਣੀ ਕੁੜੀ ਨੂੰ ਅਕਲ ਦੇਣ ਦੀ ਥਾਂ ਸੰਦੀਪ ਤੇ ਉਸ ਦੇ ਪਰਿਵਾਰ ਦੀ ਬੇਜਤੀ ਕਰਨ ਲੱਗੇ । ਜੋ ਅਬਾ ਤਬਾ ਬੋਲ ਸਕਦੇ ਸੀ ਉਹ ਬੋਲੇ । ਜੈਸਮੀਨ ਆਪਣਾ ਸਾਰਾ ਸਮਾਨ ਦੋ ਵੱਡੇ ਵੱਡੇ ਸੂਟ ਕੇਸਾਂ ਵਿੱਚ ਭਰ ਕੇ ਉਹਨਾਂ ਨਾਲ ਚਲੀ ਗਈ ।

ਸੰਦੀਪ ਅਤੇ ਉਸ ਦੇ ਪਰਿਵਾਰ ਨੇ ਜੈਸਮੀਨ ਅਤੇ ਉਸ ਦੇ ਪਰਿਵਾਰ ਨੂੰ ਫੋਨ ਕਰ ਕਰ ਕੇ ,ਬਚੋਲਿਆਂ ਨੂੰ ਭੇਜ ਕੇ , ਪੰਚਾਇਤ ਦੇ ਰਾਹੀਂ ਉਹਨਾਂ ਨੂੰ ਸਮਝਾਉਣ ਦੀ ਬਹੁਤ ਕੋਸਿ ?ਸ ਕੀਤੀ ਪਰ ਕਿੱਥੇ.... । ਆਖਿਰ ਉਹ ਵਾਪਸ ਵਿਦੇਸ ਵੀ ਚਲੀ ਗਈ । ਸੰਦੀਪ ਨੇ ਉਸ ਨੂੰ ਕਈ ਵਾਰ ਫੋਨ ਕੀਤਾ ਪਰ ਉਸ ਨੇ ਕਦੇ ਕੋਈ ਜਵਾਬ ਨਾ ਦਿੱਤਾ । ਸੰਦੀਪ ਦਾ ਇੱਕ ਦੋਸਤ ਜੋ ਉਸੇ ਦੇਸ ਵਿੱਚ ਰਹਿੰਦਾ ਸੀ ਉਸ ਨੂੰ ਸਮਝੌਤਾ ਕਰਵਾਉਣ ਲਈ ਜੈਸਮੀਨ ਕੋਲ ਜਾ ਕੇ ਗੱਲ ਕਰਨ ਲਈ ਕਿਹਾ ਤਾਂ ਸੰਦੀਪ ਦੇ ਪੈਰਾਂ ਹੇਠੋਂ ਜਮੀਨ ਨਿਕਲ ਗਈ ਜਦ ਉਸ ਨੇ ਦੱਸਿਆ ਕਿ ਉਹ ਤਾਂ ਪਹਿਲਾਂ ਹੀ ਤਿੰਨ ਸਾਲ ਤੋਂ ਉੱਥੇ ਕਿਸੇ ਹੋਰ ਮੁੰਡੇ ਨਾਲ ਰਹਿ ਰਹੀ ਸੀ ਉਹ ਮੁੰਡਾ ਉਸ ਦੇ ਨਾਲ ਹੀ ਨੌਕਰੀ ਕਰਦਾ ਹੈ ।

ਉਸ ਦੇ ਪੇਕੇ ਪਰਿਵਾਰ ਵੱਲੋਂ ਸੰਦੀਪ ਅਤੇ ਉਸ ਦੇ ਸਾਰੇ ਪਰਿਵਾਰ ਉੱਪਰ ਦਾਜ ਲਈ ਤੰਗ ਕਰਨ ਅਤੇ ਕੁੜੀ ਨੂੰ ਕੁੱਟ ਮਾਰਕੇ ਘਰੋਂ ਕੱਢਣ ,ਦਸ ਲੱਖ ਰੁਪਏ ਦਹੇਜ ਦੱਬਣ ਅਤੇ ਹੋਰ ਪਤਾ ਨਹੀਂ ਕੀ ਕੀ ਧਾਰਾਵਾਂ ਲਾ ਕੇ ਕੇਸ ਕਰ ਦਿੱਤਾ । ਸੰਦੀਪ ,ਉਸ ਦੀ ਮਾਂ ,ਭਰਾ , ਭਰਜਾਈ ,ਭੈਣ , ਭਣੋਈਆ ਸਾਰਿਆਂ ਦੇ ਨਾਂ ਲਿਖਵਾ ਦਿੱਤੇ ਗਏ । ਸੰਦੀਪ ਦੇ ਪਰਿਵਾਰ ਵੱਲੋਂ ਸਮਝੌਤਾ ਕਰਨ ਲਈ ਬਹੁਤ ਮਿੰਨਤਾਂ ਤਰਲੇ ਕੀਤੇ ਗਏ ।ਪਰ ਸਰੀਫ ਪਰਿਵਾਰ ਜਾਂ ਮੁੰਡੇ ਵਾਲੇ ਹੋਣ ਕਰਕੇ ਉਹਨਾਂ ਦੀ ਕਿਤੇ ਸੁਣਵਾਈ ਨਹੀਂ ਹੋਈ ।ਦੋ ਸਾਲ ਕੇਸ ਚੱਲਣ ਤੋਂ ਬਾਅਦ ਕੋਰਟ ਨੇ ਸੰਦੀਪ ਨੂੰ ਕੁੜੀ ਵਾਲਿਆਂ ਨੂੰ ਦਹੇਜ ਦਾ ਦਸ ਲੱਖ ਰੁਪਏ ਦੇਣ ਅਤੇ ਸੰਦੀਪ ਅਤੇ ਉਸ ਦੇ ਮਾਂ-ਬਾਪ ਨੂੰ ਸੱਤ ਸਾਲ ਦੀ ਸਜਾ ਸੁਣਾ ਦਿੱਤੀ । ਸੰਦੀਪ ਕੋਰਟ ਵਿੱਚ ਖੜ੍ਹਾ ਖੜ੍ਹਾ ਆਪਣੇ ਪਰਿਵਾਰ ਦੇ ਸਾਰੇ ਜੀਆਂ ਦੇ ਪੈਰਾਂ ਵਿੱਚ ਡਿੱਗ ਕੇ ਧਾਹਾਂ ਮਾਰ ਮਾਰ ਕੇ ਉੱਚੀ ਉੱਚੀ ਰੋਣ ਲੱਗਿਆ ਤੇ ਕਹਿ ਰਿਹਾ ਸੀ," ਮੈਨੂੰ ਸਾਰੇ ਮਾਫ ਕਰ ਦਿਓ... ਤੁਹਾਨੂੰ ਮੇਰੀ ਨਿੱਕੀ ਜਿਹੀ ਜਿ ?ਦ ਦੀ ਸਜਾ ਮਿਲ ਰਹੀ ਹੈ ,ਉਸ ਦਾਜ ਦੀ ਸਜਾ ਜੋ ਨਾ ਲਿਆ ਹੈ ਤੇ ਨਾ ਕਦੇ ਮੰਗਿਆ ਹੈ । ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਬਾਹਰਲੀ ਕੁੜੀ........ ।"

# ਪਰਦੇ ਉਹਲੇ ਦੀਆਂ ਖੁਸ਼ੀਆਂ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ
ਮੋਬ 78374-90309

ਮਨੁੱਖੀ ਜੀਵਨ ਬਹੁਤ ਖੂਬਸੂਰਤ ਹੈ ਇਸ ਦੇ ਹਰ ਪਲ ਨੂੰ ਅਨੰਦ ਵਿੱਚ ਮਾਨਣਾ ਚਾਹੀਦਾ ਹੈ. ਭਾਵੇਂ ਅਸੀ ਦੂਜਿਆਂ ਨੂੰ ਖੁੱਲ੍ਹੀ ਕਿਤਾਬ ਵਾਂਗ ਵਿਚਰਨ ਦੀਆ ਲੱਖ ਨਸੀਹਤਾਂ ਦੇ ਦੇਈਏ ਪਰ ਉਸ ਤੇ ਅਮਲ ਕਰਨਾ ਕੋਈ ਸਧਾਰਨ ਕੰਮ ਨਹੀਂ. ਸਮਾਜ ਦੇ ਹਰ ਵਰਗ ਲ਼ਈ ਪਰਦਾ ਜਾ ਉਹਲਾ ਦੀ ਭੂਮਿਕਾ ਬੁਹਮੁੱਲੀ ਹੈ।ਇਹ ਸਮਾਜਕ ਕਦਰਾਂ ਕੀਮਤਾਂ ਨੂੰ ਨਿਵਣ ਨਹੀ ਦਿੰਦਾ. ਅਸੀਂ ਜ਼ਿੰਦਗੀ ਦੇ ਕਈ ਪੱਖ ਪਰਦੇ ਵਿੱਚ ਰੱਖ ਕੇ ਵੀ ਅਸੀਮ ਖੁਸੀਆਂ ਮਾਣਦਾ ਹਾਂ. ਪਰਦੇ ਦੀ ਸਮੂਲੀਅਤ ਨੂੰ ਨਜਰ ਅੰਦਾਜ ਕਰਨਾ ਅਸੰਭਵ ਹੈ ।ਇਹ ਜਨਮ,ਮਰਨ,ਰਹਿਣ, ਖਾਣ-ਪੀਣ ਤੋ ਇਲਾਵਾ ਸਮਾਜਿਕ ,ਆਰਥਿਕ ਤੇ ਰਾਜਨੀਤਿਕ ਗਲਿਆਰਾਂ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ. ਪਰਦੇ ਹਮੇਸਾ ਕੁਝ ਲੁਕਾਉਂਦੇ ਹਨ, ਚੰਗਾ ਜਾਂ ਬੁਰਾ! ਉਹਨਾਂ ਦਾ ਕੰਮ ਛੁਪਾਉਣਾ ਹੈ .ਜੇ ਤੁਸੀਂ ਕਿਸੇ ਬੁਰਾਈ ਨੂੰ ਢੱਕਣ ਵਾਲਾ ਪਰਦਾ ਦੇਖਦੇ ਹੋ, ਤਾਂ ਇਸ ਨੂੰ ਸੁੱਟ ਦਿਓ , ਉਹ ਖੜੋਤ ਪੈਦਾ ਕਰੇਗਾ "ਪਰਦੇ ਸਾਡੇ ਕੈਦੀ ਹਨ " ਮਨੁੱਖੀ ਸੋਚ ਤੇ ਪਰਦੇ ਉਦੋਂ ਹੀ ਆਜਾਦ ਮਹਿਸੂਸ ਕਰਦੇ ਹਨ ਜਦੋਂ ਉਹ ਖਿੜਕੀਆਂ (ਦਾਇਰੇ) ਤੋਂ ਬਾਹਰ ਨਿਕਲ ਕੇ ਉੱਡਦੇ ਹਨ .ਕਿਸੇ ਦੀ ਜਾਨ ਬਚਾਉਣ ਜਾਂ ਸਮਾਜ ਭਲਾਈ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਛੋਟੀਆਂ ਗੱਲਾਂ ਤੇ ਪਰਦਾ ਪਾਉਣਾ ਕੋਈ ਵੱਡੀ ਗੱਲ ਨਹੀਂ ਹੁੰਦੀ.

ਸਾਡੀ ਰੋਜ ਮਰਾ ਦੀ ਜ਼ਿੰਦਗੀ ਦੀਆਂ ਖੁਸੀਆਂ ਪਰਦੇ ਦੇ ਓਹਲੇ ਵਿਚੋ ਹੀ ਮਿਲਦੀਆ ਹਨ . ਜਿਸ ਕਰਕੇ ਜੋ ਦਿਖਾਈ ਦਿੰਦਾ, ਉਹ ਹੁੰਦਾ ਨਹੀਂ ਜੋ ਹੁੰਦਾ ਹੈ ਉਹ ਦਿਖਾਈ ਨਹੀਂ ਦਿੰਦਾ. ਇਸੇ ਭਰਮ ਦੇ ਪਰਦੇ ਵਿਚ ਸਦੀਆਂ ਤੋਂ ਦੁਨੀਆਂ ਬੇਰੋਕ ਚੱਲ ਰਹੀ ਹੈ. ਬਹਤੇ ਮਨੁੱਖ ਜਿੰਦਗੀ ਦੀਆਂ ਅਣਸੁਖਾਵੀਆਂ ਘਟਨਾਵਾਂ ਦਿਲਾਂ ਵਿੱਚ ਲੈ ਕੇ ਹੀ ਜਹਾਨੋਂ ਕੂਚ ਕਰ ਜਾਂਦੇ ਹਨ. ਸਾਇਦ ਉਹਨਾਂ ਨੂੰ ਦੱਸਣ ਨਾਲੋਂ ਪਰਦਾ ਪਾਉਣਾ ਜ਼ਿਆਦਾ ਸੁੱਖਮਈ ਹੋਵੇਗਾ . ਪਰਦੇ ਦਾ ਸਬੰਧ ਜਨਮ ਤੋਂ ਲੈ ਕੇ ਮਰਨ ਤੱਕ ਨਾਲੋ ਨਾਲ ਚੱਲਦਾ ਹੈ ।ਇਸੇ ਲਈ ਜਨਮ ਪਿੱਛੋਂ ਕਪੜੇ ਪਾ ਕੇ ਹੀ ਲੋਕਾਂ ਦੇ ਸਾਹਮਣੇ ਆਉਂਦੇ ਹਨ ਤੇ ਆਖਰੀ ਰਵਾਨਗੀ ਸਮੇਂ ਮੂੰਹ ਵੀ ਦਿਖਾਈ ਨਹੀ ਦਿੰਦਾ. ਇਹ ਦੁਨੀਆਂ ਵਿਚ ਵਿਚਰਨ ਦੀ ਤਹਿਜੀਬ ਸਿਖਾਉਂਦਾ ਹੈ. ਪੁਰਾਣੇ ਸਮੇਂ ਵਿੱਚ ਔਰਤਾਂ ਘੁੰਡ (ਪਰਦਾ) ਕੱਢਦੀਆ ਸਨ । ਜੋ ਸਤਿਕਾਰ ਦਾ ਪ੍ਰਤੀਕ ਸੀ . ਜਿਸ ਨੂੰ ਸਭ ਧਰਮਾਂ ਨੇ ਬਰਾਬਰ ਦੀ ਮਾਨਤਾ ਬਖਸੀ. ਸਾਡੇ ਪੁਰਖਿਆ ਨੇ ਪੂਜਾ ,ਦੌਲਤ ,ਖਾਣ ਦੀਆਂ ਵਸਤਾਂ ਨੂੰ ਦਿਖਾਵੇ ਤੋ ਮਨਾਹੀ ਕੀਤੀ . ਪਰ ਨਵੀ ਪੀੜੀ ਨੇ ਇਸ ਪ੍ਰਥਾ ਦਾ ਮੁੱਢ ਕੁਦੀਮੋ ਹੀ ਭੋਗ ਪਾ ਦਿੱਤਾ ।ਹੁਣ ਕਾਰ,ਘਰ,ਕੱਪੜੇ ਤਾਂ ਛੱਡੋ ,ਹੋਟਲ ਖਾਣਾ ਖਾਣ ਤੋ ਪਹਿਲਾ ਦੀ ਸੋਸਲ ਮੀਡੀਆ ਤੇ ਖਾਣੇ ਦੀ ਫੋਟੋ ਪੈ ਜਾਦੀ ਹੈ. ਪੁਰਾਣੇ ਸਮੇਂ ਵਿੱਚ ਲੋਕ ਪਾਠ ਪੂਜਾ ਦਾ ਪੁੰਨ ਪਰਦੇ ਵਿਚ ਕਰਨ ਨਾਲ ,ਭੋਜਨ ਪਰਦੇ ਵਿਚ ਕਰਨ ਨਾਲ ਬੁੱਧੀ ਤੇ ਨਾਰੀ ਦੀ ਸੁੰਦਰਤਾ ਪਰਦੇ ਪਿੱਛੇ ,ਧੰਨ ਦਾ ਵਾਧੇ ਲਈ ਵੀ ਪਰਦਾ ਹੋਣਾ ਲਾਜਮੀ ਮੰਨਦੇ ਹੋਏ " ਭੋਜਨ , ਭਜਨ ,ਖਜਾਨਾ ,ਨਾਰੀ " ਚਾਰੋ ਪਰਦੇ ਦੇ ਅਧਿਕਾਰੀ ਵਰਗੇ ਪ੍ਰਬਚਨਾ ਤੇ ਪਹਿਰਾ ਦਿੰਦੇ ਸਨ

ਸੋਸਲ ਮੀਡੀਆ ਦੇ ਯੁੱਗ ਵਿੱਚ ਸਮਾਨ ਵੇਚਣ ਲਈ ਮਸਹੂਰੀ ਜਰੂਰੀ ਹੈ ਪਰ ਇਹ ਸਿਧਾਂਤ ਨਿੱਜੀ ਜਿੰਦਗੀ ਲਈ ਲਾਜਮੀ ਨਹੀਂ. ਜਿਸ ਪਾਸੇ ਤੇ ਰੋਕ ਹੋਵੇ ਮਨੁੱਖੀ ਸੁਭਾਅ ਦਾ ਝੁਕਾਅ ਉਧਰ ਜਿਆਦਾ ਹੁੰਦਾ ਹੈ .ਭਾਰਤ ਦੀ ਨੌਜਵਾਨੀ ਤੋ ਵੱਡੀ ਉਦਾਹਰਨ ਕੋਈ ਹੋਰ ਨਹੀ ਹੋ ਸਕਦੀ । ਅਸੀ ਮਹਾਨ ਯੋਧਿਆਂ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਦੇ ਵਾਰਸਾ .ਜਿਨ੍ਹਾਂ ਦੇ ਸੰਸਕਾਰਾਂ ਸਦਕੇ ਦੁਨੀਆਂ ਵਿੱਚ ਸਾਡਾ ਵੱਖਰਾ ਮੁਕਾਮ ਹੈ ।ਕੀ ਇਹ ਵਿਰਾਸਤੀ ਪਹਿਚਾਣ ਬਣਾਈ ਰੱਖਣਾ ਜਰੂਰੀ ਨਹੀ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗਾ ਤੇ ਨਰੋਇਆਂ ਵਿਰਸਾ ਮਿਲ ਸਕੇ .

ਜਿੱਥੇ ਵਿਰਾਸਤ ਨਾਲ ਪਰਦੇ ਦੀ ਗੂੜ੍ਹੀ ਸਾਂਝ ਹੈ ਉਥੇ ਹੀ ਹਿੰਦੀ ਸਿਨੇਮੇ ਨੇ ਪਰਦੇ ਨੂੰ ਫਿਲਮੀ ਪਰਦੇ ਤੇ ਬਖੂਬੀ ਪੇਸ ਕੀਤਾ ਹੈ.ਇਸ ਨਾਲ ਮੋਜੂਦਾ ਦੌਰ ਵਿੱਚ ਨਾਚ ਜਾ ਕਸਰਤ ਦੀਆਂ ਵੰਨਗੀਆਂ ਹੀ ਪੇਸ ਕੀਤੀਆਂ ਹਨ ਪਰ 50ਵੇਂ ਦੇ ਦਹਾਕੇ ਵਿਚ ਪਰਦੇ ਦੀ ਪੇਸਗੀ ਨਿਰਾਲੀ ਸ਼ੀ. ਪੰਜਾਬ ਦੇ ਮਸਹੂਰ ਲੇਖਕ ਸਾਹਿਰ ਲੁਧਿਆਣਵੀ ਦੁਆਰਾ ਲਿਖਿਆ ਸਾਧਨਾ ਫਿਲਮ ਦੀ ਕਵਾਲੀ " ਆਜ ਕਿਊ ਹਮ ਸੇ ਪਰਦਾ ਹੈ " ਦੇ ਰਾਹੀਂ ਨਿਰਾਜਗੀ ਤੇ ਪਰਦੇ ਦੇ ਸੁਮੇਲ ਦਾ ਅਨੂਠਾ ਮੇਲ ਪੇਸ ਕੀਤਾ.

ਸੰਨ 1968 ਵਿੱਚ ਧਰਮਿੰਦਰ ਦੀ ਅਦਾਕਾਰੀ ਨਾਲ ਸਜੀ ਸ਼ਿਕਾਰ ਫ਼ਿਲਮ ਦੇ ਗੀਤ ਵਿੱਚ ਆਸਾ ਪਾਰੇਖ ਪਰਦੇ ਨਾਲ ਗੁਝੇ ਭੇਤਾ ਨੂੰ ਛੁਪਾਉਦੀ ਹੋਈ ਬੇਹਤਰੀਨ ਅਦਾਕਾਰੀ ਦਾ ਮੁਜਾਹਰਾ ਕੀਤਾ ।ਪਰਦੇ ਵਿੱਚ ਭੇਤ ਛੁਪਾਉਣ ਦੇ ਵਲੇਵੇ ਨੂੰ ਹਸਰਤ ਜੈਪੁਰੀ ਨੇ ਸਬਦਾ ਨਾਲ ਗੀਤਕਾਰੀ ਦਾ ਉਮਦਾ ਜਾਲ ਬਣਾਇਆ ,
ਪਰਦੇ ਮੇ ਰਿਹਣੇ ਦੋ, ਪਰਦਾ ਨਾ ਉਠਾਓ
ਪਰਦਾ ਜੋ ਉਠ ਗਿਆ ਤੋ ਭੇਤ ਖੁਲ ਜਾਏਗਾ
ਪਰਦੇ ਅਤੇ ਭੇਤਾ ਦੀਆ ਇਹ ਉਲਝਣਾ ਭਰੇ ਗੀਤ ਦੀ ਤਾਜਗੀ ਪੰਜ-ਛੇ ਦਹਾਕਿਆਂ ਮਗਰੋਂ ਵੀ ਫਿੱਕੀ ਨਹੀਂ.

ਪਰਦੇ ਅੰਦਰ ਭੇਤ ਛੁਪਾਉਣ ਦੇ ਨਾਲੋ ਨਾਲ ਸਾਜਿਸਾਂ ਦੀ ਵੀ ਕਮੀ ਨਹੀ ।ਹਿੰਦੀ ਸਿਨੇਮੇ ਦੇ ਥੰਮ ਅਮਿਤਾਭ ਬੱਚਨ ਨੇ 1977 ਵਿੱਚ ਅਮਰ ਅਕਬਰ ਐਂਥਨੀ ਵਿੱਚ ਸਜਿਸਾ ਨੂੰ ਬੇਪਰਦਾ ਕਰਦਿਆ ਪਰਦੇ ਦਾ ਜ਼ਿਕਰ ਕਰਨੋਂ ਨਹੀਂ ਰੁਕ ਸਕੇ ।ਗੀਤਕਾਰ ਅਨੰਦ ਬਖਸੀ ਨੇ ਬੇਪਰਦਾ ਕਰਨ ਦੇ ਮੇਲ ਨੂੰ ਬੜਾ ਨਾਪ ਤੋਲ ਕੇ ਬਿਰਤਾਂਤ ਸਿਰਜਿਆ .
ਪਰਦਾ ਹੈ ਪਰਦਾ ,ਪਰਦੇ ਕੇ ਪੀਛੇ ਪਰਦਾ ਨਸ਼ੀ ਹੈ
ਪਰਦਾ ਨਸ਼ੀ ਕੋ ਬਪਰਦਾ ਨਾ ਕਰਦੂ ਤੋ ਅਕਬਰ ਨਾਮ ਨਹੀ ਹੈ।

ਭਾਵੇਂ ਪਰਦੇ ਪਿੱਛੇ ਸਾਜਿਸਾਂ,ਭੇਤ ਤੇ ਨਿਰਾਜਗੀ ਸਭ ਮਿਲ ਜਾਂਦੇ ਹਨ. ਇਸੇ ਪਰਦੇ ਓਹਲੇ ਖੁਸੀਆਂ ਤੇ ਅਹਿਸਾਸ ਵੀ ਮੋਜੂਦ ਹਨ ਜੋ ਜਜਬਾਤਾ ਨੂੰ ਹੋਰ ਹਾਵੀ ਕਰਦੇ ਹਨ ਇਸ ਸਦਕੇ ਆਪਣੇ ਹਮਸਫਰ ਦੇ ਦੀਦਾਰ ਦੀ ਤਾਂਘ ਵਧਦੀ ਹੈ। 1970 ਵਿੱਚ ਬਣੀ " ਏਕ ਫੂਲ ਦੋ " ਮਾਲੀ ਫਿਲਮ ਵਿੱਚ ਸੰਜੇ ਖਾਨ ਸਾਧਨਾ ਦੇ ਦੀਦਾਰ ਤੇ ਪਿਆਰ ਦੇ ਇਜਹਾਰ ਲਈ ਅਜਿਹਾ ਹੀ ਭਾਵਨਾਤਮਕ ਗੀਤ ਗਾਇਆ ।ਜਿਸਨੇ ਪਰਦੇ ਦੀ ਖੂਭਸੂਰਤੀ ਨੂੰ ਹੋਰ ਚਾਰ ਚੰਨ ਲਗਾ ਦਿੱਤੇ।
ਯੇ ਪਰਦਾ ਹਟਾ ਦੋ ,ਜਰਾ ਮੁਖੜਾ ਦਿਖਾ ਦੋ
ਹਮ ਪਿਆਰ ਕਰਨੇ ਵਾਲੇ ਹੈ ਕੋਈ ਗੈਰ ਨਹੀ ।
ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਜੀ ਨੇ ਵੀ "ਪਰਦਾ ਕੱਜ ਲਈ ਸਾਈਆਂ ਮੇਰੀ ਚੰਗੀ ਮੰਦੀ ਦਾ "ਰਾਹੀ ਪਰਦੇ ਨੂੰ ਗੀਤ ਵਿਚ ਖੂਬਸੂਰਤੀ ਨਾਲ ਪੇਸ ਕੀਤਾ. ਆਪਣੇ ਗੀਤ ਦੇ ਰਾਹੀਂ ਗਾਹੇ-ਬ-ਗਾਹੇ ਹੋਈਆਂ ਗਲਤੀਆਂ ਉਪਰ ਪਰਮਾਤਮਾ ਨੂੰ ਪਰਦਾ ਪਾਉਣ ਦੀ ਅਰਜੋਈ ਕਰਦੇ ਹਨ. ਜੋ ਸਇਦ ਆਵਾਮ ਦੀਆ ਨਜਰਾ ਵਿਚ ਨਾ ਆਈਆਂ ਹੋਣ ਪਰ ਕਾਦਰ ਅੱਗੇ ਤਾ ਕੁਝ ਨਹੀ ਛੁਪਦਾ ।

ਰਾਜਨੀਤੀ ਦਾ ਸਫਰ ਪਰਦੇ ਤੋ ਬਿਨਾ ਸੰਭਵ ਹੀ ਨਹੀ ਹੈ। ਨੇਤਾ ਸਾਫ-ਪਾਕ ਦਿੱਖ ਪੇਸ ਕਰਦੇ ਹਨ ਤਾਂ ਜੋ ਲੋਕਾਂ ਦਾ ਵਿਸਵਾਸ ਬਣਿਆ ਰਿਹੇ .ਜੋ ਬਹੁਤੀ ਵਾਰ ਪਰਦਾ ਤਾਣ ਕੇ ਹੀ ਬਣਾਈ ਹੁੰਦੀ ਹੈ ਜਿਸ ਸਦਕਾ ਵਜੀਰੀਆ ਨਿਵਾਜੀਆ ਤੇ ਬਚਾਈਆ ਜਾਦੀਆ ਹਨ ।ਸਮੇ ਦੇ ਗੇੜ ਨਾਲ ਘਪਲੇ ਜਾ ਗੈਰ -ਸਮਾਜਿਕ ਕੰਮਾ ਤੋ ਪਰਦਾ ਉਠਦਿਆ ਪਾਰਟੀ ਮੈਬਰਸਿਪ ਵੀ ਨਹੀ ਰਹਿੰਦੀ ।ਅਜਿਹੀਆ ਅਨੇਕਾ ਉਦਾਹਰਨਾਂ ਹਨ ਜਦੋਂ ਤਾਅ ਉਮਰ ਦੀ ਕਮਾਈ ਰਾਜਸੀ ਟੋਹਰ ਆਖਰੀ ਸਮੇ ਉਠੇ ਪਰਦੇ ਕਾਰਨ ਮੁੱਠੀ ਵਿਚੋ ਰੇਤ ਵਾਗਰਾ ਕਿਰਦੀ ਹੈ. ਜਿੱਤਾਂ ਹਾਰਾਂ ਦੀ ਹਉਮੈ ਨੂੰ ਸਾਂਤ ਕਰਨ ਲਈ ਵੀ ਦੱਬੇ ਮੁਰਦੇ ਉਖਾੜਨ ਤੋਂ ਗੁਰੇਜ ਨਹੀਂ ਕਰਦੇ . ਜੋ ਕਈ ਵਾਰ ਰਾਜਸੀ ਜੀਵਨ ਦਾ ਅੰਤ ਲਈ ਆਖਰੀ ਕਿੱਲ ਸਾਬਤ ਹੁੰਦਾ ਹੈ .ਅਜੋਕੇ ਸਮੇਂ ਦੇ ਵਿੱਚ ਰਾਜਸੀ ਕਿੜ ਨੇ ਪਰਦੇ ਦੀ ਮਰਿਆਦਾ ਨੂੰ ਤਹਿਸ-ਨਹਿਸ ਕਰ ਦਿੱਤਾ ।ਪੈਸੇ ਦਾ ਪਰਦੇ ਮਨੁੱਖ ਨੂੰ ਗਰੀਬ ਨਹੀ ਹੋਣ ਦਿੰਦੇ ਇਸ ਲਈ ਸਭ ਬੱਚਿਆ ਦੇ ਮਾਪੇ ਉਹਨਾ ਲਈ ਰਾਜੇ ਹਨ ।ਨਹੀ ਤਾ ਦੇਸ਼ ਦੇ ਖਰਬਪਤੀਆ ਨੂੰ ਬਚਣ ਲਈ ਦੂਜੇ ਮਲਕਾ ਦੀ ਲੋੜ ਪੈਦੀ ਹੈ। ਕਦੇ ਇਹੋ ਲੋਕ ਪਰਦੇ ਦੇ ਸਹਾਰੇ ਮੈਗਜੀਨਾ ਦੇ ਪਹਿਲੇ ਪੰਨੇ ਦਾ ਸਿੰਗਾਰ ਬਣਦੇ ਹਨ ।

ਮਨੁੱਖੀ ਮਨ ਦੀ ਚੰਚਲਤਾ ਹਮੇਸਾ ਅਦਿੱਖ ਵਸਤੂਆਂ ਵੱਲ ਉਤੇਜਤ ਹੁੰਦੀ ਹੈ .ਉਸ ਦੇ ਮਨ ਨੂੰ ਆਪ ਮੁਹਾਰੇ ਉਮੜੀ ਖੁਸੀ ਨਹੀਂ ਭਾਉਂਦੀ ,ਸਗੋਂ ਦੂਜਿਆ ਦੇ ਪਰਦੇ ਵਿੱਚ ਸਾਭੇ ਦੁੱਖ,ਸੁੱਖ, ਭੇਤ ਤੇ ਸਾਜ਼ਿਸ਼ਾਂ ਨੂੰ ਜਾਨਣ ਵਿੱਚ ਖੁਸੀ ਮਿਲਦੀ ਹੈ. ਸਦੀਆਂ ਤੋਂ ਇਹੋ ਚੱਲਿਆ ਆ ਰਿਹਾ ਹੈ ।ਪਰ ਅਜੋਕੇ ਸਮੇਂ ਵਿੱਚ ਇਹ ਮਨੋ ਦਸਾ ਨੂੰ ਬਦਲਣਾ ਜਰੂਰੀ ਹੈ. ਸਭ ਮਿਲ ਕੇ ਚੱਲਣ ਨਾਲ ਔਖੀਆ ਮੰਜਿਲਾ ਸਰ ਕਰ ਸਕਦੇ ਹਾ. ਪਰਦੇ ਦੀ ਮਰਿਆਦਾ ਜ਼ਿੰਦਗੀ ਲਈ ਅਹਿਮ ਹੈ ਤੇ ਰਹੇਗੀ ਪਰ ਦੂਜਿਆਂ ਦੇ ਪਰਦੇ ਵਿੱਚ ਸਾਭੇ ਜਖੀਰੇ ਨੂੰ ਉਜਾਗਰ ਕਰਨਾ ਜਰੂਰੀ ਨਹੀਂ. ਬਸਰਤੇ ਸਾਨੂੰ ਹਲੀਮੀ ਨਾਲ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਤਾਂ ਜੋ ਪਰਦੇ ਓਹਲੇ ਦਾ ਸਰੂਰ ਬਣਿਆ ਰਹੇ. ਸਾਲਾ ! ਇਸ ਹਸਦੇ ਵਸਦੇ ਸੰਸਾਰ ਦੀਆ ਬੇਸੁਮਾਰ ਖੁਸੀਆਂ ਦੇ ਪਰਦਾ ਇਸ ਤਰਾ ਬਣਾਈ ਰੱਖੇ.

# ਨਿੱਕੀਆਂ ਗੱਲਾਂ ਵੱਡੇ ਰੋਗ

**ਆਪਣੇ ਵੱਲੋਂ ਉਹ ਬੱਚੇ ਦੀ ਭਲਾਈ ਕਰ ਰਹੇ ਹੁੰਦੇ ਹਨ ਪਰ ਇਸ ਤਰ੍ਹਾਂ ਕਰਕੇ ਉਹ ਬੱਚਿਆਂ ਦੀਆਂ ਕੋਮਲ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਅੱਜ ਦੇ ਸਮੇਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨ ਵਿੱਚ ਆਉਣ ਵਾਲੇ ਸਮੇਂ ਨੂੰ ਇੱਕ ਡਰਾਉਣਾ ਭੂਤ ਬਣਾ ਕੇ ਵਸਾ ਦਿੰਦੇ ਹਨ ।ਜਿਸ ਨਾਲ ਉਹਨਾਂ ਦੇ ਮਨ ਵਿੱਚ ਉਹੋ ਜਿਹਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹ ਭਵਿੱਖ ਨੂੰ ਲੈ ਕੇ ਆਪਣੇ ਮਨ ਵਿੱਚ ਇੱਕ ਨਾਕਾਰਾਤਮਕ ਰੱਵਈਆ ਸਿਰਜ ਲੈਂਦਾ ਹੈ ,ਜਿਸ ਦਾ ਨਤੀਜਾ ਆਪਾਂ ਸਭ ਦੇ ਸਾਹਮਣੇ ਹੈ।**

ਅੱਜ ਦਾ ਮਨੁੱਖ ਨੂੰ ਜ਼ਿੰਦਗੀ ਜਿਊਣ ਲਈ ਬਹੁਤ ਸਾਰੇ ਪੱਖਾਂ ਤੋਂ ਜੱਦੋਜਹਿਦ ਕਰਦਾ ਨਜਰ ਆਉਂਦਾ ਹੈ, ਉਸ ਨੂੰ ਆਪਣੇ ਆਲੇ ਦੁਆਲੇ ਦੀਆਂ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਤੇ ਬਹੁਤ ਸਾਰੀਆਂ ਗੱਲਾਂ ਨੂੰ ਅਣਗੌਲਿਆਂ ਵੀ ਕਰਨਾ ਪੈਂਦਾ ਹੈ। ਗੱਲ ਤਾਂ ਜ਼ਿੰਦਗੀ ਨੂੰ ਸੁਖਾਲੇ ਤਰੀਕਿਆਂ ਨਾਲ ਜਿਊਣ ਦੀ ਹੁੰਦੀ ਹੈ। ਇਹੀ ਜ਼ਿੰਦਗੀ ਜਿਊਣ ਦੀ ਜਾਚ ਹੁੰਦੀ ਹੈ। ਪਰ ਇਹ ਸਭ ਮਨੁੱਖ ਦੇ ਆਪਣੇ ਆਪਣੇ ਸੁਭਾਅ ਮੁਤਾਬਿਕ ਗੁਣਾਂ ਜਾਂ ਔਗੁਣਾਂ ਤੇ ਨਿਰਭਰ ਹੁੰਦਾ ਹੈ ਕਿਉਂਕਿ ਕਈ ਲੋਕ ਜ਼ਿੰਦਗੀ ਵਿੱਚ ਬਹੁਤ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਹੀ ਵੱਡੇ ਰੋਗ ਬਣਾ ਕੇ ਸਹੇੜ ਲੈਂਦੇ ਹਨ ਤੇ ਕਈ ਲੋਕ ਵੱਡੀਆਂ ਵੱਡੀਆਂ ਗੱਲਾਂ ਨੂੰ ਵੀ ਹਲਕੇ ਵਿੱਚ ਲੈ ਕੇ ਆਪਣੇ ਜੀਵਨ ਉੱਪਰ ਕੋਈ ਬਹੁਤਾ ਦੂਰ ਪ੍ਰਭਾਵ ਨਹੀਂ ਪੈਣ ਦਿੰਦੇ।

ਇੱਕ ਵਾਰੀ ਦੀ ਗੱਲ ਹੈ ਕਿ ਮੇਰੇ ਨਾਲ ਪੜ੍ਹਾਉਣ ਵਾਲੀ ਇੱਕ ਅਧਿਆਪਕਾ ਦੀ ਛੋਟੀ ਜਿਹੀ ਗਲਤੀ ਕਾਰਨ ਉਸ ਨੂੰ ਅਚਨਚੇਤ ਸਕੂਲ ਪ੍ਰਬੰਧਕਾਂ ਵੱਲੋਂ ਨੌਕਰੀ ਤੋਂ ਕੱਢ ਦਿੱਤਾ ਗਿਆ। ਉਦੋਂ ਹਜੇ ਉਹ ਮਸਾਂ ਹੀ ਸਤਾਈ ਅਠਾਈ ਵਰ੍ਹਿਆਂ ਦੀ ਹੋਵੇਗੀ। ਉਸ ਦੇ ਇੱਕ ਧੀ ਸੀ ਜਿਸ ਦੀ ਉਮਰ ਮਸਾਂ ਸਾਲ ਕੁ ਦੀ ਸੀ। ਉਸ ਅਧਿਆਪਕਾ ਨੇ ਕੁਛ ਕੁ ਤਾਂ ਹੱਤਕ ਮੰਨਦੇ ਹੋਏ ਤੇ ਕੁਛ ਅਚਾਨਕ ਬੇਰੁਜਗਾਰ ਹੋਣ ਕਾਰਨ ਇਹ ਗੱਲ ਦਿਲ ਨੂੰ ਲਾ ਲਈ ਤੇ ਮਾਨਸਿਕ ਤਣਾਅ ਕਾਰਨ ਉਸ ਨੂੰ ਉਸੇ ਦਿਨ ਬੁਖਾਰ ਹੋ ਗਿਆ, ਦੋ ਤਿੰਨ ਦਿਨ ਲਗਾਤਾਰ ਬੁਖਾਰ ਰਹਿਣ ਤੋਂ ਬਾਅਦ ਉਹ ਗੰਭੀਰ ਡਿਪਰੈਸਨ ਵਿੱਚ ਚਲੀ ਗਈ ਤੇ ਆਖਰ ਦਿਮਾਗ ਦੀ ਨਸ ਫਟਣ (ਬ੍ਰੇਨ ਹੈਮਰੇਜ) ਨਾਲ ਉਸ ਦੀ ਮੌਤ ਹੋ ਗਈ। ਗੱਲ ਤਾਂ ਛੋਟੀ ਜਿਹੀ ਸੀ,ਜੇ ਉਸੇ ਗੱਲ ਨੂੰ ਉਹ ਹਲਕੇ ਵਿੱਚ ਲੈਂਦੇ ਹੋਏ ਸੋਚਦੀ ਕਿ ਜਦ ਤੱਕ ਅਗਾਂਹ ਨੌਕਰੀ ਨਹੀਂ ਮਿਲਦੀ ਮੈਂ ਆਪਣੀ ਧੀ ਨਾਲ ਸਮਾਂ ਬਿਤਾਵਾਂਗੀ ਜਾਂ ਫਿਰ ਇਹ ਸੋਚਦੀ ਕਿ ਪ੍ਰਾਈਵੇਟ ਸੰਸਥਾਵਾਂ ਵਿੱਚ ਤਾਂ ਨੌਕਰੀ ਦਾ ਕੋਈ ਭਰੋਸਾ ਨਹੀਂ ਹੁੰਦਾ,ਇਸ ਲਈ ਇਹੋ ਜਿਹੀ ਕੋਈ ਹੋਰ ਨੌਕਰੀ ਮਿਲ ਜਾਵੇਗੀ। ਗੱਲ ਤਾਂ ਮਨ ਨੂੰ ਸਮਝਾਉਣ ਦੀ ਹੁੰਦੀ ਹੈ। ਜਿਸ ਵਿਅਕਤੀ ਨੂੰ ਆਪਣੇ ਮਨ ਨਾਲ ਸਾਂਝ ਪਾਉਣੀ ਆ ਗਈ, ਆਪਣੇ ਮਨ ਨੂੰ ਸਮਝਾਉਣਾ ਆ ਗਿਆ ,ਉਹ ਵਿਅਕਤੀ ਨਾ ਤਾਂ ਕਦੇ ਡੋਲਦਾ ਹੈ ਤੇ ਨਾ ਹੀ ਕਦੇ ਜ਼ਿੰਦਗੀ ਤੋਂ ਈਨ ਮੰਨਦਾ ਹੈ। ਗੁਰੂ ਨਾਨਕ ਦੇਵ ਜੀ ਦੀ ਮਹਾਨ ਤੁਕ ,"ਮਨਜੀਤੇ ਜਗਜੀਤ" ਦਾ ਫਲਸਫਾ ਵੀ ਤਾਂ ਇਸੇ ਗੱਲ ਦੀ ਗਵਾਹੀ ਭਰਦਾ ਹੈ।

ਪਰ ਕਈ ਲੋਕ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਆਪਣੇ ਉੱਪਰ ਐਨਾ ਭਾਰੂ ਕਰ ਲੈਂਦੇ ਹਨ ਕਿ ਉਹ ਜਾਨਲੇਵਾ ਸਾਬਤ ਹੋ ਜਾਂਦੀਆਂ ਹਨ। ਜਿਵੇਂ ਇੱਕ ਵਾਰੀ ਇੱਕ ਚੰਗੇ ਭਲੇ ਹਸਦੇ ਵਸਦੇ ਪਰਿਵਾਰ ਨੇ ਆਪਣੇ ਮੁੰਡੇ ਦਾ ਵਿਆਹ ਕੀਤਾ। ਕੁਝ ਸਮੇਂ ਬਾਅਦ ਮੁੰਡੇ ਦੀ ਵਹੁਟੀ ਦੀ ਸਹੁਰੇ ਪਰਿਵਾਰ ਨਾਲ ਨਾ ਬਣੀ ਤੇ ਉਹ ਰੁੱਸ ਕੇ ਪੇਕੇ ਚਲੀ ਗਈ। ਮੁੰਡੇ ਦਾ ਪਿਓ,ਜੋ ਇੱਕ ਚੰਗਾ ਭਲਾ ਸਰਕਾਰੀ ਅਫਸਰ ਰਿਟਾਇਰ ਸੀ ,ਉਹ ਇਸ ਗੱਲ ਨੂੰ ਦਿਲ ਤੇ ਲਾ ਬੈਠਾ ਕਿ ਇੱਕ ਪਾਸੇ ਤਾਂ ਉਸ ਦੇ ਪੁੱਤਰ ਦਾ ਘਰ ਖਰਾਬ ਹੋ ਗਿਆ ਤੇ ਦੂਜਾ ਸਮਾਜ ਵਿੱਚ ਬੇਇੱਜਤੀ ਹੋ ਗਈ ਸੀ। ਇਹ ਗੱਲਾਂ ਸੋਚ ਸੋਚ ਕੇ ਉਹ ਐਨਾ ਡਿਪਰੈਸਨ ਵਿੱਚ ਚਲਿਆ ਗਿਆ ਕਿ ਇੱਕ ਦਿਨ ਉਸ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪਰ ਇਸ ਤੋਂ ਉਲਟ ਉਸ ਦੀ ਪਤਨੀ ਨੇ ਹੌਂਸਲੇ ਤੋਂ ਕੰਮ ਲੈਂਦੀ ਨੇ ਕੁਝ ਰਿਸਤੇਦਾਰ ਵਿੱਚ ਪਾ ਕੇ ਕੁੜੀ ਤੋਂ ਉਸ ਦੀ ਮਰਜੀ ਪੁੱਛ ਕੇ ਕਿ ਕੀ ਉਹ ਉਹਨਾਂ ਨਾਲ ਰਹਿਣਾ ਚਾਹੁੰਦੀ ਹੈ ਜਾਂ ਨਹੀਂ ? ਕੁੜੀ ਦੇ ਨਾਂਹ ਕਰਨ ਤੇ ਕੁੜੀ ਵਾਲਿਆਂ ਨਾਲ ਸਮਝੌਤਾ ਵੀ ਕੀਤਾ,ਉਸ ਤੋਂ ਬਾਅਦ ਮੁੰਡੇ ਦਾ ਫਿਰ ਵਿਆਹ ਕੀਤਾ ਤੇ ਮੁੰਡੇ ਦੇ ਘਰ ਬੱਚੇ ਹੋ ਕੇ ਉਸ ਦਾ ਘਰ ਵੀ ਵਸ ਗਿਆ, ਪਰਿਵਾਰ ਫਿਰ ਤੋਂ ਖੁਸਹਾਲ ਅਤੇ ਰੌਣਕਾਂ ਭਰਪੂਰ ਹੋ ਗਿਆ। ਜੇ ਮੁੰਡੇ ਦਾ ਪਿਓ ਉਸ ਸਮੱਸਿਆ ਨੂੰ ਇੱਕ ਸਮਾਜਿਕ ਵਰਤਾਰਾ ਸਮਝ ਕੇ ਕੋਈ ਹਲ ਕੱਢਣ ਦੀ ਕੋਸ਼ਿਸ਼ ਕਰਦਾ ਤਾਂ ਉਹ ਵੀ ਆਪਣੇ ਇਸ ਖੁਸਹਾਲ ਪਰਿਵਾਰ ਦਾ ਬਹੁਤ ਲੰਮੇ ਸਮੇਂ ਤੱਕ ਹਿੱਸਾ ਬਣ ਕੇ ਆਨੰਦ ਮਾਣ ਸਕਦਾ ਸੀ। ਇਸੇ ਤਰ੍ਹਾਂ ਕਈ ਲੋਕਾਂ ਨੂੰ ਕੋਈ ਨਿੱਕਾ ਜਿਹਾ ਸਰੀਰਕ ਕਸਟ ਵੀ ਵੱਡਾ ਲੱਗ ਰਿਹਾ ਹੁੰਦਾ ਹੈ ਤੇ ਉਸ ਨੂੰ ਸਾਰੀ ਦੁਨੀਆ ਕੋਲ ਡੌਂਡੀ ਪਿੱਟ ਪਿੱਟ ਕੇ ਵੱਡਾ ਰੋਗ ਬਣਾ ਲੈਂਦੇ ਹਨ ਤੇ ਕਈ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਨਾਲ ਵੀ ਹੱਸਦੇ ਹੱਸਦੇ ਮੁਕਾਬਲਾ ਕਰਕੇ ਉਸ ਨੂੰ ਹਰਾ ਦਿੰਦੇ ਹਨ। ਇਹ ਗੱਲ ਤਾਂ ਮਨੋਵਿਗਿਆਨਕਾਂ ਨੇ ਵੀ ਸਿੱਧ ਕਰ ਦਿੱਤੀ ਹੈ ਕਿ ਅਸੀਂ ਮਨ ਵਿੱਚੋਂ ਜਿਹੋ ਜਿਹੀਆਂ ਭਾਵਨਾਵਾਂ ਪੈਦਾ ਕਰਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਵਿੱਚ ਤਰੰਗਾਂ ਫੈਲਾਉਂਦੇ ਹਾਂ ਉਹੋ ਜਿਹਾ ਹੀ ਸਾਡੇ ਆਲੇ ਦੁਆਲੇ ਦਾ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹੀ ਤਰੰਗਾਂ ਵਾਪਸ ਸਾਡੇ ਕੋਲ ਵਾਪਸ ਆਉਂਦੀਆਂ ਹਨ। ਫਿਰ ਮਨ ਵਿੱਚ ਚੰਗੀ ਸੋਚ ਪੈਦਾ ਕਰਕੇ ਆਪਣੇ ਆਲੇ ਦੁਆਲੇ ਚੰਗਾ ਵਾਤਾਵਰਨ ਹੀ ਕਿਉਂ ਨਾ ਸਿਰਜਿਆ ਜਾਵੇ ?

ਇਹੋ ਜਿਹੀਆਂ ਰਲਵੀਆਂ ਮਿਲਵੀਆਂ ਸਮੱਸਿਆਵਾਂ ਵਿੱਚੋਂ ਅੱਜ ਦਾ ਨੌਜਵਾਨ ਵੀ ਗੁਜਰ ਰਿਹਾ ਹੈ। ਸਿੱਟਾ ਆਪਣੇ ਸਭ ਦੇ ਸਾਹਮਣੇ ਹੈ ,ਕੋਈ ਨਸ਼ਿਆਂ ਦਾ ਆਦੀ ਹੋ ਰਿਹਾ ਹੈ, ਕੋਈ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਰਿਹਾ ਹੈ ,ਕੋਈ ਆਪਣੇ ਪਰਿਵਾਰ ਤੋਂ ਬਾਗੀ ਹੋ ਰਿਹਾ ਹੈ। ਅੱਜ ਕੱਲ੍ਹ ਜ਼ਿਆਦਾਤਰ ਮਾਪੇ ਸਕੂਲੀ ਸਮੇਂ ਤੋਂ ਹੀ ਬੱਚਿਆਂ ਦੀ ਦਸ ਵਰ੍ਹੇ ਬਾਅਦ ਆਉਣ ਵਾਲੀ ਜ਼ਿੰਦਗੀ ਪ੍ਰਤੀ ਇਹੋ ਜਿਹਾ ਨਜਰੀਆ ਰੱਖ ਕੇ ਵਾਤਾਵਰਨ ਸਿਰਜਦੇ ਹਨ ਕਿ ਉਹਨਾਂ ਨੂੰ ਹਰ ਵੇਲੇ ਆਉਣ ਵਾਲੇ ਸਮੇਂ ਦੀ ਦੁਹਾਈ ਦਿੰਦੇ ਹੋਏ ਉਹਨਾਂ ਨੂੰ ਅਕਸਰ ਹੀ ਇਹ ਆਖਦੇ ਸੁਣੇ ਜਾਂਦੇ ਹਨ ਕਿ ਉਨ੍ਹਾਂ ਦਾ ਭਵਿੱਖ ਬਹੁਤ ਮੁਸੀਬਤਾਂ ਤੇ ਚੁਣੌਤੀਆਂ ਭਰਪੂਰ ਹੈ, ਮੁਕਾਬਲੇ ਦਾ ਜਮਾਨਾ ਹੈ,ਜੇ ਹੁਣੇ ਮਿਹਨਤ ਨਾ ਕੀਤੀ ਤਾਂ ਉਨ੍ਹਾਂ ਦਾ ਭਵਿੱਖ ਚੰਗਾ ਨਹੀਂ ਹੋਵੇਗਾ। ਆਪਣੇ ਵੱਲੋਂ ਉਹ ਬੱਚੇ ਦੀ ਭਲਾਈ ਕਰ ਰਹੇ ਹੁੰਦੇ ਹਨ ਪਰ ਇਸ ਤਰ੍ਹਾਂ ਕਰਕੇ ਉਹ ਬੱਚਿਆਂ ਦੀਆਂ ਕੋਮਲ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਅੱਜ ਦੇ ਸਮੇਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨ ਵਿੱਚ ਆਉਣ ਵਾਲੇ ਸਮੇਂ ਨੂੰ ਇੱਕ ਡਰਾਉਣਾ ਭੂਤ ਬਣਾ ਕੇ ਵਸਾ ਦਿੰਦੇ ਹਨ ।ਜਿਸ ਨਾਲ ਉਹਨਾਂ ਦੇ ਮਨ ਵਿੱਚ ਉਹੋ ਜਿਹਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹ ਭਵਿੱਖ ਨੂੰ ਲੈ ਕੇ ਆਪਣੇ ਮਨ ਵਿੱਚ ਇੱਕ ਨਾਕਾਰਾਤਮਕ ਰੱਵਈਆ ਸਿਰਜ ਲੈਂਦਾ ਹੈ,ਜਿਸ ਦਾ ਨਤੀਜਾ ਆਪਾਂ ਸਭ ਦੇ ਸਾਹਮਣੇ ਹੈ।

ਸੋ ਜ਼ਿੰਦਗੀ ਨੂੰ ਮੁੱਲਵਾਨ ਬਣਾਉਣ ਲਈ ਆਪਣੇ ਆਉਣ ਵਾਲੇ ਸਮੇਂ ਪ੍ਰਤੀ ਨਾਂਹ ਪੱਖੀ ਸੋਚ ਤੋਂ ਕਿਨਾਰਾ ਕਰਦੇ ਹੋਏ ਆਪਣੇ ਅੰਦਰ ਅਤੇ ਆਲੇ ਦੁਆਲੇ ਇੱਕ ਸਾਕਾਰਾਤਮਕ ਊਰਜਾ ਪੈਦਾ ਕਰਨੀ ਚਾਹੀਦੀ ਹੈ ,ਚਾਹੇ ਮਨੁੱਖ ਕਿੰਨੇ ਵੀ ਕਸਟਮਈ ਸਮੇਂ ਵਿੱਚੋਂ ਈ ਕਿਉਂ ਨਾ ਗੁਜਰ ਰਿਹਾ ਹੋਵੇ। ਸਾਕਾਰਾਤਮਕ ਸੋਚ ਅਤੇ ਉਸ ਵਿੱਚੋਂ ਪੈਦਾ ਹੋਣ ਵਾਲੀ ਊਰਜਾ ਜਿੱਥੇ ਮਨੁੱਖ ਨੂੰ ਜਿੰਦਾ ਦਿਲ ਇਨਸਾਨ ਬਣਾਉਂਦੀ ਹੈ ਉੱਥੇ ਹੀ ਉਸ ਨੂੰ ਵੱਡੀਆਂ ਵੱਡੀਆਂ ਮੁਸਕਲਾਂ ਨੂੰ ਹਰਾਉਣ ਦੇ ਯੋਗ ਵੀ ਬਣਾਉਂਦੀ ਹੈ।

*ਬਰਜਿੰਦਰ ਕੌਰ ਬਿਸਰਾਓ...*
*9988901324*



# “ਸੱਚੀ ਮਿੱਤਰਤਾ ਕਿਸੇ ਚੀਜ਼ ਦੀ ਮਹੁਤਾਜ ਨਹੀ”

ਅੱਜ ਦੇ ਇਸ ਤੇਜ਼ ਰਫਤਾਰ ਦੌਰ ਅੰਦਰ ਸਾਡੇ ਸਮਾਜ ਵਿਚਲੇ ਦੋਸਤੀ ਅਤੇ ਮਿੱਤਰਤਾ ਵਰਗੇ ਪਾਕ- ਪਵਿੱਤਰ ਰਿਸ਼ਤੇ ਅਜੌਕੇ ਸਮੇਂ ਦੌਰਾਨ ਫਿੱਕੇ ਜਾਪਦੇ ਹਨ। ਕਿਉਂਕਿ ਇਹ ਸਮਾਂ ਹੀ ਅਜਿਹਾ ਹੋ ਗਿਆ ਹੈ ਜਿਸ ਅੰਦਰ ਸਭ ਰਿਸ਼ਤਿਆਂ ਅੰਦਰਲਾ ਮੋਹ, ਪਿਆਰ ਅਤੇ ਸੁਨੇਹ ਘਟਦਾ ਜਾ ਰਿਹਾ ਹੈ। ਇੱਕ ਸਮਾਂ ਹੁੰਦਾ ਸੀ ਜਿਸ ਵਿੱਚ ਦੋਸਤ ਮਿੱਤਰ ਜੋ ਕਿ ਸਕੇ ਭਰਾ ਤੋਂ ਵੱਧਕੇ ਰਿਸ਼ਤਾ ਨਿਭਾਉਂਦੇ ਸਨ। ਉਸਦੀ ਹਰ ਇੱਕ ਦੁੱਖ-ਤਕਲੀਫ ਨੂੰ ਆਪਣਾ ਸਮਝਦੇ ਸੀ। ਇਹ ਦੋਸਤੀ ਜਾਂ ਮਿੱਤਰਤਾ ਜੋ ਕਿ ਬਿਨ੍ਹਾ ਕਿਸੇ ਲੋਭ, ਲਾਲਚ ਤੋਂ ਉੱਪਰ ਉੱਠ ਕੇ ਦੋ ਦਿਲਾਂ ਦੀ ਆਪਸੀ ਸਾਂਝ ਮੰਨੀ ਜਾਂਦੀ ਸੀ। ਜਿਸ ਅੰਦਰ ਹਰ ਕੋਈ ਵਿਅਕਤੀ ਦੋਸਤੀ ਕਰਨ ਸਮੇਂ ਸਾਹਮਣੇ ਵਾਲੀ ਦੀ ਜਾਤ-ਪਾਤ ਜਾਂ ਕੋਈ ਹੋਰ ਉੱਚ-ਨੀਚ, ਅਮੀਰੀ-ਗਰੀਬੀ ਨਹੀਂ ਸਨ ਵੇਖਦੇ। ਇਹ ਦੋਸਤੀ ਦਾ ਰਿਸ਼ਤਾ ਇਕ ਰੂਹ ਦਾ ਰਿਸ਼ਤਾ ਸਮਝਿਆ ਜਾਂਦਾ ਸੀ ਜੋ ਕਿ ਉਸ ਸਮੇਂ ਸਭ ਤੋਂ ਪਾਕ-ਪਵਿੱਤਰ ਰਿਸ਼ਤਾ ਹੁੰਦਾ ਸੀ। ਜਿਸ ਦੌਰਾਨ ਦੋ ਸੱਚੇ ਮਿੱਤਰ ਆਪਸ ਵਿੱਚ ਪੱਗ ਵਟਾ ਕੇ ਪੱਗਵਟ ਭਰਾ ਬਣਕੇ ਲੰਬਾ ਸਮਾਂ ਇਸ ਮਿੱਤਰਤਾ ਨੂੰ ਨਿਭਾਉਂਦੇ ਅਤੇ ਦੋਵੇਂ ਪਰਿਵਾਰਾਂ ਵਿੱਚ ਹਰ ਦੁੱਖ-ਸੁੱਖ ਵਿੱਚ ਹਰ ਸਮੇਂ ਮੌਜੂਦ ਰਹਿੰਦੇ ਅਤੇ ਇੱਕ ਸਕੇ ਭਰਾ ਤੋਂ ਵਧਕੇ ਇੱਕ ਦੂਜੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜਦੇ ਸਨ। ਇੱਕ ਸਮਾਂ ਸੀ ਜਿਸ ਅੰਦਰ ਇਹ ਰਿਸ਼ਤਾ ਜੋ ਕਿ ਖ਼ੂਨ ਦੇ ਰਿਸ਼ਤੇ ਤੋ ਵੀ ਵਧਕੇ ਨਿਭਾਇਆ ਜਾਂਦਾ ਸੀ ਜਿਸ ਦੌਰਾਨ ਇਸ ਦੋਸਤੀ ਬਦਲੇ ਉਹ ਆਪਣੀ ਜਾਨ-ਕੁਰਬਾਨ ਕਰਨ ਦੀ ਪਰਵਾਹ ਨਹੀਂ ਸਨ ਕਰਦੇ ਅਤੇ ਹਰ ਸਮੇਂ ਆਪਣੀ ਦੋਸਤੀ ਮਿੱਤਰਤਾ ਨੂੰ ਨਿਭਾਉਣ ਲਈ ਤਿਆਰ ਰਹਿੰਦੇ ਸਨ। ਇਸਦੇ ਉਲਟ ਅੱਜ ਸਮਾਂ ਕੁੱਝ ਹੋਰ ਜਾਪਦਾ ਹੈ ਜਿਸ ਅੰਦਰ ਹਰ ਇੱਕ ਵਿਅਕਤੀ ਸਿਰਫ ਤੇ ਸਿਰਫ ਆਪਣੀ ਲੋੜ ਮੁਤਾਬਿਕ ਰਿਸ਼ਤੇ ਨਿਭਾਉਂਦਾ ਨਜਰ ਆਉਂਦਾ ਹੈ, ਜਿਸ ਵਿੱਚ ਉਹ ਆਪਣੀ ਲੋੜ ਅਤੇ ਜ਼ਰੂਰਤ ਮੁਤਾਬਿਕ ਰਿਸ਼ਤੇ ਅਤੇ ਦੋਸਤੀ ਜੋੜਦਾ ਹੈ ਜਦੋਂ ਤੱਕ ਲੋੜ ਅਤੇ ਜਰੂਰਤ ਹੁੰਦੀ ਹੈ ਓਦੋਂ ਤੱਕ ਹੀ ਉਹ ਸਾਂਝ ਅਤੇ ਰਿਸ਼ਤੇਦਾਰੀ ਕਾਇਮ ਰੱਖਦਾ ਹੈ ਜਦੋਂ ਉਸਦੀਆਂ ਸਭ ਜਰੂਰਤਾਂ ਅਤੇ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਸਭ ਰਿਸ਼ਤੇ-ਨਾਤੇ ਤੋੜ ਲੈਂਦਾ ਹੈ। ਇਸ ਪ੍ਰਕਾਰ ਅਜੋਕੇ ਸਮੇਂ ਦੋਰਾਨ ਦੋਸਤੀ ਅਤੇ ਮਿੱਤਰਤਾ ਵਰਗੇ ਰੂਹ ਦੇ ਰਿਸ਼ਤੇ ਵੀ ਇਸ ਕਲਯੁੱਗੀ ਦੁਨੀਆ ਵਿੱਚ ਇਹਨਾਂ ਵਿਚਲਾ ਪਿਆਰ, ਸੁਨੇਹ ਅਤੇ ਵਫਾਦਾਰੀ ਪਹਿਲੇ ਸਮੇਂ ਦੋਰਾਨ ਘੱਟਦੀ ਨਜਰ ਆਉਂਦੀ ਹੈ ਅੱਜ ਭਾਵੇਂ ਸੋਸਲ ਮੀਡੀਆ ਅਤੇ ਕਈ ਹੋਰ ਨੈੱਟਵਰਕ ਦੇ ਜਰੀਏ ਅਸੀਂ ਹਜਾਰਾਂ ਦੀ ਗਿਣਤੀ ਵਿੱਚ ਦੋਸਤ ਬਣਾ ਲਏ ਹਨ ਅਤੇ ਹਰ ਇੱਕ ਦਿਨ ਨਵਾਂ ਦੋਸਤ ਇਸ ਨੈੱਟਵਰਕ ਦੇ ਜਰੀਏ ਸਾਡੇ ਸੰਪਰਕ ਵਿੱਚ ਆਉਂਦਾ ਹੈ। ਇੰਨੇ ਦੋਸਤ ਇਕੱਠੇ ਕਰਨ ਦੇ ਬਾਵਜੂਦ ਵੀ ਅੱਜ ਹਰ ਵਿਅਕਤੀ ਆਪਣੇ ਆਪ ਨੂੰ ਇਹਨਾਂ ਵਿਚਾਲੇ ਆਪਣੇ ਆਪ ਨੂੰ ਇਕੱਲਾ ਸਮਝਦਾ ਹੈ ਅਤੇ ਉਸਦਾ ਇਹ ਇਕੱਲਾਪਣ ਉਸਨੂੰ ਵੱਢ-ਵੱਢ ਖਾਂਦਾ ਹੈ। ਜਿਸ ਕਾਰਨ ਉਹ ਮਨ ਹੀ ਮਨ ਅੰਦਰ ਮਹਿਸੂਸ ਕਰਦਾ ਹੈ ਕਿ ਉਹ ਸੱਚਮੁੱਚ ਹੀ ਕਿੰਨ੍ਹਾ ਇਕੱਲਾ ਰਹਿ ਗਿਆ ਹੋਵੇ ਅਤੇ ਇਹ ਨਿੱਤ-ਨਵੇਂ ਬਣਾਏ ਮਿੱਤਰ ਵੀ ਉਸ ਸਮੇਂ ਉਸਦੇ ਇਸ ਇਕੱਲੇਪਣ ਨੂੰ ਦੂਰ ਨਹੀਂ ਕਰ ਸਕਦੇ। ਸੋ ਲੋੜ ਹੈ ਸਮਝਣ ਦੀ ਕਿ ਦੋਸਤ ਭਾਵੇਂ ਘੱਟ ਹੋਣ ਪਰੰਤੂ ਜਿੰਨੇ ਵੀ ਹੋਣ ਉਹ ਦੁੱਖ ਤਕਲੀਫ ਅਤੇ ਮਨ ਦੀਆਂ ਸਮਝਣ ਵਾਲੇ ਹੋਣ ਕਿਓਕਿ ਇੱਕ ਸੱਚਾ ਮਿੱਤਰ ਜੋ ਕਿ ਆਪਣੇ ਸੱਚੇ ਮਿੱਤਰ ਦਾ ਮੂਹ ਵੇਖਕੇ ਹੀ ਦੱਸ ਦਿੰਦਾ ਹੈ ਕਿ ਅੱਜ ਉਹ ਕਿਸੇ ਦੁੱਖ ਤਕਲੀਫ ਵਿੱਚ ਹੈ। ਸੱਚਾ ਮਿੱਤਰ ਵੀ ਓਹੀ ਸਮਝਿਆ ਜਾਂਦਾ ਹੈ ਜੋ ਲੋੜ ਅਤੇ ਮਤਲਬ ਤੋਂ ਉੱਪਰ ਉੱਠਕੇ ਬੇਝਿੰਜਕ ਦੋਸਤੀ ਨਿਭਾਉਂਦਾ ਹੈ ਅਜਿਹੀ ਮਿੱਤਰਤਾ ਵਿੱਚ ਪੈਸਾ-ਰੁਪਇਆ ਜਾਂ ਕੋਈ ਹੋਰ ਸੰਸਾਧਨ ਮਾਇੰਨੇ ਨਹੀਂ ਰੱਖਦੇ। ਅੱਜ ਦੇ ਇਸ ਆਧੁਨਿਕ ਦੌਰ ਅੰਦਰ ਨਿੱਤ-ਨਵੇਂ ਦੋਸਤ ਮਿੰਟਾਂ-ਸਕਿੰਟਾ ਵਿੱਚ ਬਣਦੇ ਹਨ ਅਤੇ ਉਨ੍ਹੀ ਜਲਦੀ ਹੀ ਇਹ ਖਤਮ ਵੀ ਹੋ ਜਾਂਦੇ ਹਨ । ਦੋਸਤੀ ਦੇ ਇਸ ਦੌਰ ਅੰਦਰ ਤਰੱਕੀ ਕਰਨ ਦੀ ਦੌੜ ਵਿੱਚ ਵਿਅਕਤੀ ਮੋਹ, ਮਾਇਆ ਵਿੱਚ ਭਿੱਜਿਆ ਆਪਣੇ ਅਸਲ ਰਿਸ਼ਤਿਆਂ ਨੂੰ ਪਿੱਛੇ ਛੱਡਦਾ ਹੋਇਆ ਵਿਖਾਈ ਦਿੰਦਾ ਹੈ। ਪੈਸੇ ਅਤੇ ਤਰੱਕੀ ਦੀ ਅੰਨ੍ਹੀ ਦੋੜ ਅੰਦਰ ਉਹ ਅੱਜਕਲ ਦੋਸਤੀ-ਮਿੱਤਰਤਾ ਵਰਗੇ ਪਾਕ ਰਿਸ਼ਤੇ ਤਾਂ ਇੱਕ ਪਾਸੇ ਉਹ ਆਪਣੇ ਸਕੇ ਭਰਾਂ ਦਾ ਗਲ ਵੱਢਣ ਨੂੰ ਵੀ ਪ੍ਰਹੇਜ਼ ਨਹੀਂ ਕਰਦਾ। ਅੱਜ ਦੀ ਇਸ ਗੋਕੱਟ ਅਤੇ ਮਤਲਬੀ ਦੁਨੀਆ ਅੰਦਰ ਵਖਤ ਪਏ ਤੋਂ ਹੀ ਸਭ ਰਿਸ਼ਤਿਆਂ ਦਾ ਪਤਾ ਚਲਦਾ ਹੈ ਕਿਓਕੀ ਜਦੋਂ ਵਖਤ ਪੈਂਦਾ ਹੈ ਤਾਂ ਹਰ ਕੋਈ ਸੱਜਣ-ਬੇਲੀ ਸਭ ਪਾਸੇ ਵੱਟ ਜਾਂਦੇ ਹਨ। ਬੁਰਾ ਵਕਤ ਅਜਿਹਾ ਹੁੰਦਾ ਹੈ ਜਿਸ ਅੰਦਰ ਉਸ ਸਮੇਂ ਹਰ ਕੋਈ ਭੈਣ-ਭਰਾ ਸੱਜਣ-ਮਿੱਤਰ ਸਭ ਪਾਸੇ ਵੱਟ ਜਾਂਦੇ ਹਨ। ਕਿਸੇ ਵਿਦਵਾਨ ਨੇ ਬੜਾ ਸੋਹਣਾ ਲਿਖਿਆ ਹੈ :-

ਜਦੋਂ ਵਖਤ ਇੰਨਸਾਨ ਤੇ ਆਣ ਪੈਂਦਾ  
ਸੱਪ ਰੱਸੀਆਂ ਦੇ ਬਣ-ਬਣ ਕੱਟ ਜਾਂਦੇ  
ਬੁਰੇ ਭਲੇ ਦੀ ਓਦੋਂ ਨਹੀਂ ਪਰਖ ਰਹਿੰਦੀ  
ਤੇ ਮਿੱਤਰ-ਮਿੱਤਰਤਾ ਤੋਂ ਪਾਸਾ ਵੱਟ ਜਾਂਦੇ

ਇਸ ਤਰ੍ਹਾਂ ਅਜੋਕੇ ਸਮੇਂ ਦੋਰਾਨ ਜੇਕਰ ਕੋਈ ਵਿਅਕਤੀ ਸੱਚੀ ਮਿੱਤਰਤਾ ਨਿਭਾਉਣ ਦੀ ਕੋਸ਼ਿਸ ਵੀ ਕਰਦਾ ਹੈ ਤਾਂ ਵਿਚ-ਵਿਚਾਲੇ ਉਹਨਾਂ ਨੂੰ ਆਪਸ ਵਿੱਚ ਚੁੱਗਲੀ ਕਰਕੇ ਲੜਾ ਦਿੱਤਾ ਜਾਂਦਾ ਹੈ ਕਿਓਕਿ ਅਜਿਹੇ ਕਲਯੁੱਗੀ ਦੋਸਤ ਜੋ ਕਿ ਨਾਂ ਸਿਰਫ ਆਪ ਇਸ ਰਿਸਤੇ ਉੱਪਰ ਪੂਰ ਚੜਦੇ ਹਨ ਸਗੋਂ ਦੂਸਰੇ ਨੂੰ ਵੀ ਭੜਕਾ ਛੱਡਦੇ ਹਨ। ਬੇਇਮਾਨੀ ਦੇ ਇਸ ਵੱਧਦੇ ਦੌਰ ਅੰਦਰ ਦੋਸਤ-ਮਿੱਤਰ ਤਾਂ ਇੱਕ ਪਾਸੇ ਸਕੇ ਭੈਣ-ਭਰਾ ਵੀ ਇੱਕ ਦੂਜੇ ਤੋਂ ਖਾਰ ਖਾਂਦੇ ਨਜਰ ਆਉਂਦੇ ਹਨ ਪਰੰਤੂ ਪੰਜੇ ਉਂਗਲਾਂ ਇੱਕੋਸਾਰ ਵੀ ਨਹੀਂ ਹੁੰਦੀਆਂ ਦੇ ਸਿਧਾਂਤ ਅਨੁਸਾਰ ਕਾਫੀ ਜਗ੍ਹਾ ਅਜਿਹੇ ਭੈਣ-ਭਰਾ ਵੀ ਨਜਰ ਆਉਂਦੇ ਹਨ ਜੋ ਕਿ ਇੱਕ ਦੂਜੇ ਉੱਪਰ ਮਰ-ਮਿੱਟਦੇ ਹਨ ਪਰੰਤੂ ਇਹ ਫਿਰ ਹੀ ਸਿੱਧ ਹੁੰਦਾ ਹੈ ਜੇਕਰ ਉਹਨਾਂ ਵਿਚਕਾਰ ਕੋਈ ਤੀਸਰਾ ਵਿਅਕਤੀ ਅੱਗ ਲਗਾਉਣ ਵਾਲਾ ਨਾ ਹੋਵੇ ਕਿਓਕਿ ਅਜਿਹਾ ਵਿਅਕਤੀ ਜੋ ਕਿ ਅੰਦਰੋ ਕੁਝ ਹੋਰ ਅਤੇ ਬਾਹਰੋ ਕੁਝ ਹੋਰ ਹੁੰਦੇ ਹਨ। ਜਿਨ੍ਹਾਂ ਦੇ ਮਨ ਅਤੇ ਮੁੱਖ ਉੱਪਰ ਕੁਝ ਹੋਰ ਵਿਖਾਈ ਦਿੰਦਾ ਉਪਰੋ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ ਅਤੇ ਅੰਦਰੋ-ਅੰਦਰੀ ਖਾਰ ਖਾਂਦੇ ਹਨ ਅਜਿਹੇ ਵਿਅਕਤੀ ਜੋ ਕਿ ਕਿਸੇ ਪ੍ਰਕਾਰ ਦੀ ਦੋਸਤੀ ਅਤੇ ਰਿਸ਼ਤੇ ਦੇ ਲਾਇਕ ਨਹੀਂ ਹੁੰਦੇ। ਇਹ ਜਿੱਥੇ ਵੀ ਜਾਂਦੇ ਹਨ ਸਭ ਕੁੱਝ ਖਤਮ ਕਰ ਦਿੰਦੇ ਹਨ, ਇਹ ਸਿਰਫ ਖਾਣ-ਪੀਣ ਕਰਕੇ ਹੀ ਇੱਕ-ਦੂਜੇ ਨਾਲ ਜੁੜੇ ਰਹਿੰਦੇ ਹਨ ਜਦੋਂ ਬੁਰਾ ਵਕਤ ਪੈਂਦਾ ਹੈ ਤਾਂ ਅਜਿਹੇ ਮਿੱਤਰ-ਬੇਲੀ ਭੱਜ ਨਿੱਕਲਦੇ ਹਨ ਜੋ ਆਪਣੇ ਮਤਲਬ ਸਮੇਂ ਕਹਿੰਦੇ ਰਹਿੰਦੇ ਹਨ ਕਿ ਜਦੋਂ ਵੀ ਮਾੜਾ ਸਮਾਂ ਆਵੇਗਾ ਤਾਂ ਉਹ ਮੋਢੇ ਨਾਲ ਮੋਢਾ ਲਗਾ ਕੇ ਖੜਨਗੇ ਪਰ ਮਿੰਟਾਂ ਵਿੱਚ ਹੀ ਅੱਖਾ ਫੇਰ ਜਾਂਦੇ ਹਨ। ਜਿਹੜੇ ਪੱਗ ਵਟਾਉਣ ਸਮੇਂ ਕਹਿੰਦੇ ਸਨ ਕਿ ਅਸੀਂ ਤੇਰੇ ਲਈ ਮਰ-ਮਿੱਟਾਂਗੇ ਪਰ ਲੋੜ ਪੈਣ ਤੇ ਇੱਕ ਮਿੰਟ ਦੀ ਪ੍ਰਵਾਹ ਕੀਤੇ ਬਿਨ੍ਹਾ ਆਪਣੇ ਸੱਜਣ-ਬੇਲੀ ਦੀ ਵਟਾਈ ਪੱਗ ਨਾਲ ਹੀ ਗਲਾ ਘੋਟ ਕੇ ਮਾਰ ਦਿੰਦੇ ਹਨ ਕਿਓਕਿ ਜਦੋਂ ਤੱਕ ਸੱਚਾ ਮਿੱਤਰ ਉਸਦੀਆਂ ਲੋੜਾਂ ਪੂਰਦਾ ਰਹਿੰਦਾ ਹੈ ਉਦੋਂ ਤੱਕ ਹੀ ਯਾਰੀ ਰੱਖਦੇ ਹਨ ਅਤੇ ਸਕੇ ਭੈਣ-ਭਰਾਵਾਂ ਵਿੱਚ ਖਾਰ ਪਾਉਣ ਲਈ ਜਿਨੀ ਵਾਹ ਪੁਗਦੀ ਹੈ ਪੁਗਾਉਂਦੇ ਹਨ। ਇਸ ਪ੍ਰਕਾਰ ਸਾਨੂੰ ਅਜਿਹੇ ਮਤਲਬੀ ਯਾਰਾਂ ਕੋਲੋਂ ਬਚ ਕੇ ਰਹਿਣਾ ਚਾਹੀਦਾ ਹੈ ਜੋ ਸਿਰਫ ਸ਼ਰਾਬ ਦੇ ਇੱਕ ਪਿਆਲੇ ਤੱਕ ਹੀ ਸੀਮਿਤ ਹੁੰਦੇ ਹਨ ਅਜਿਹੇ ਦੋਸਤਾਂ ਨਾਲੋਂ ਵਿਅਕਤੀ ਇਕੱਲਾ ਚੰਗਾ। ਸੋ ਇਸ ਪ੍ਰਕਾਰ ਇਕ ਸਾਇਰ ਬੜਾ ਸੋਹਣਾ ਲਿਖਦਾ ਹੈ :-

ਮੈਨੂੰ ਤਾਂ ਮੇਰੇ ਦੋਸਤਾਂ ਇੱਕ ਗਮ ਨੇ ਮਾਰਿਆ  
ਝੂਠੀ ਤੇਰੀ ਦੋਸਤੀ ਦੇ ਦਮ ਨੇ ਮਾਰਿਆ

ਸੋ ਲੋੜ ਹੈ ਸਮਝਣ ਦੀ ਕਿਓਕਿ ਅੱਜ ਦੇ ਇੱਸ ਅਜੌਕੇ ਸਮੇਂ ਵਿੱਚ ਸੱਚਾ ਮਿੱਤਰ ਮਿਲਣਾ ਇੱਕ ਰੱਬ ਦੇ ਮਿਲਣ ਦੇ ਬਰਾਬਰ ਹੈ। ਲੋੜ ਹੈ ਰਿਸ਼ਤੇ ਅੰਦਰ ਵਫਾਦਾਰੀ ਅਤੇ ਪਿਆਰ ਦੀ ਕਿਓਕੀ ਅਜਿਹੇ ਸੱਚੇ ਮਿੱਤਰ ਜੋ ਕਿ ਕਿਸੇ ਲੋਭ, ਲਾਲਚ, ਜਰੂਰਤ ਦੇ ਮੁਹਤਾਜ ਨਹੀਂ ਹੁੰਦੇ ਸਾਨੂੰ ਅਜਿਹੇ ਮਿੱਤਰ ਸਾਂਭ ਕੇ ਰੱਖਣ ਚਾਹੀਦੇ ਹਨ ਜੋ ਕਿ ਇਸ ਮਤਲਬੀ ਦੁਨੀਆ ਅੰਦਰ ਹਨੇਰੇ ਵਿੱਚ ਉਸ ਦੀਵੇ ਦੀ ਤੇਜ ਰੋਸ਼ਨੀ ਵਾਂਗ ਚਾਨਣ ਫੈਲਾਉਂਦੇ ਹਨ ਜੋ ਕਿ ਸਾਡੀਆ ਹਰ ਦੁੱਖ ਤਕਲੀਫਾਂ ਨੂੰ ਆਪਣੇ ਪਿਆਰ, ਸੁਨੇਹ ਨਾਲ ਮਿੰਟਾਂ ਵਿੱਚ ਦੂਰ ਕਰ ਦਿੰਦੇ ਹਨ ਜ਼ਿੰਦਗੀ ਦੇ ਚਲਦੇ ਸਫਰ ਵਿੱਚ ਜੇਕਰ ਇੱਕ ਚੰਗਾ ਮਿੱਤਰ ਨਾਲ ਹੋਵੇ ਤਾਂ ਜਿੰਦਗੀ ਜਿਓਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਹੈ।



ਜਗਮੀਤ ਸਿੰਘ ਚੁੰਬਰ  
ਪਿੰਡ ਤੇ ਡਾਂਕ ਬਰੜਵਾਲ  
ਫੋਨ ਨੰ: 9653639891



# ਹਥਿਆਰ ਨਹੀਂ, ਵਿਚਾਰ ਨਾਲ ਲੜਨ ਦੀ ਲੋੜ

ਪੁਲਵਾਮਾ ਅੱਤਵਾਦੀ ਹਮਲੇ ਮਗਰੋਂ ਪਾਕਿਸਤਾਨ ਨੂੰ ਫ਼ੌਜ, ਹਥਿਆਰ, ਕਥਿਤ ਸਰਜੀਕਲ ਸਟ੍ਰਾਈਕ ਆਦਿ ਨਾਲ ਹਰਾਉਣ ਦੀ ਸੋਚ ਇਕ ਭੁੱਲ ਹੈ। ਯਾਦ ਕਰੋ ਕਿ ਪਾਕਿਸਤਾਨ ਇਕ ਵਿਚਾਰ ਨਾਲ ਬਣਿਆ ਸੀ। ਵਿਚਾਰ ਨੂੰ ਹਥਿਆਰ ਨਾਲ ਕਦੇ ਨਹੀਂ ਹਰਾਇਆ ਜਾ ਸਕਦਾ! ਉਸ ਨੂੰ ਸਿਰਫ਼ ਬਿਹਤਰ ਵਿਚਾਰ ਨਾਲ ਹੀ ਹਰਾਇਆ ਜਾ ਸਕਦਾ ਹੈ। ਬਿਹਤਰ ਵਿਚਾਰ ਸਦਾ ਚੰਗੇ ਨਤੀਜੇ ਨਹੀਂ ਲਿਆਉਂਦੇ। ਸੱਚ ਮਿੱਠਾ ਵੀ ਹੁੰਦਾ ਹੈ ਅਤੇ ਕੌੜਾ ਵੀ। ਇਹ ਧਿਆਨ ਨਾ ਰੱਖਣਾ ਵੀ ਇਕ ਭੁੱਲ ਹੈ ਜੋ ਗਾਂਧੀ ਜੀ ਤੋਂ ਲੈ ਕੇ ਅੱਜ ਤਕ ਬਾਦਸਤੂਰ ਜਾਰੀ ਹੈ। ਸਾਰੀਆਂ ਸਮੱਸਿਆਵਾਂ ਦੇ ਹੱਲ ਲਈ 'ਅਹਿੰਸਾ' ਤੋਂ ਲੈ ਕੇ 'ਵਿਕਾਸ' ਦੀਆਂ ਦਲੀਲਾਂ ਕੁਝ ਉਹੋ ਜਿਹੀਆਂ ਹੀ ਹਨ। ਪਹਿਲਾਂ ਅਸੀਂ ਸੱਚ ਦਾ ਸਾਹਮਣਾ ਕਰਨਾ ਸਿੱਖੀਏ। ਨਹੀਂ ਤਾਂ ਪਰਮਾਣੂ ਸ਼ਕਤੀ ਸੰਪੰਨ ਹੋਣ ਦੇ ਬਾਵਜੂਦ ਅਸੀਂ ਸੋਵੀਅਤ ਯੂਨੀਅਨ ਦੀ ਤਰ੍ਹਾਂ ਢਹਿ-ਢੇਰੀ ਹੋ ਸਕਦੇ ਹਾਂ। ਪ੍ਰਸਿੱਧ ਪੱਤਰਕਾਰ ਰਾਜੇਂਦਰ ਮਾਥੁਰ ਨੇ ਲਿਖਿਆ ਸੀ ਕਿ ਭਾਰਤ ਵਿਚ ਇਕ ਪਾਕਿਸਤਾਨ ਅਤੇ ਪਾਕਿਸਤਾਨ ਵਿਚ ਇਕ ਭਾਰਤ ਸਦਾ ਵਸਿਆ ਰਿਹਾ ਹੈ। ਇਹ ਗੰਭੀਰ ਸੱਚ ਹੈ।

ਭਾਰਤ ਦੀ ਪਾਕਿਸਤਾਨ ਸਮੱਸਿਆ ਅਤੇ ਪਾਕਿਸਤਾਨ ਦੀ ਭਾਰਤ ਸਮੱਸਿਆ, ਦੋਵੇਂ ਬਾਹਰੀ ਨਹੀਂ ਅੰਦਰੂਨੀ ਹਨ। ਲਿਹਾਜ਼ਾ ਇੱਥੇ ਦੋ ਦੇਸ਼ਾਂ ਦੇ ਰੂਪ ਵਿਚ ਵਿਚਾਰ ਕਰਨਾ ਹੀ ਭਰਮਾਊ ਹੈ। ਅਸੀਂ 1947 ਤੋਂ ਜ਼ਰੂਰ ਦੋ (ਤਿੰਨ) ਦੇਸ਼ ਹਾਂ ਪਰ ਇਹ ਅਸਥਾਈ ਹੈ। ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿਚ ਸੱਤਰ ਸਾਲ ਕੁਝ ਵੀ ਨਹੀਂ। ਇਸ ਲਈ ਇੱਥੇ ਵਿਰਾਟ ਸੱਭਿਅਤਾ ਸੰਘਰਸ਼ ਚੱਲ ਰਿਹਾ ਹੈ। ਇਸ ਦਾ ਨਤੀਜਾ ਵਿਸ਼ਵ ਪੱਧਰੀ ਮਹੱਤਵ ਦਾ ਹੋਵੇਗਾ। ਹੁਣ ਤਕ ਦੋਵਾਂ ਧਿਰਾਂ ਦੀ ਸਮਝ, ਨਾਸਮਝ, ਸ਼ੰਕੇ, ਹਿੰਸਕ ਬਿਰਤੀ ਉਹੋ ਹੈ ਜੋ ਅਤੀਤ ਵਿਚ ਵਾਰ-ਵਾਰ ਦਿਖੀ ਹੈ। ਆਜ਼ਾਦੀ ਤੋਂ ਪਹਿਲਾਂ ਜੋ ਭੂਮਿਕਾਵਾਂ ਮੁਸਲਿਮ ਲੀਗ, ਕਾਂਗਰਸ ਅਤੇ ਬ੍ਰਿਟਿਸ਼ ਸੱਤਾ ਜ਼ਰੀਏ ਦਿਖਾਈ ਦਿੰਦੀਆਂ ਸਨ, ਉਹੀ ਉਦੋਂ ਤੋਂ ਵੱਖ-ਵੱਖ ਰੂਪਾਂ ਵਿਚ ਜਾਰੀ ਹਨ। ਮਾਲਦਾ ਤੋਂ ਲੈ ਕੇ ਮੁੰਬਈ ਅਤੇ ਸ੍ਰੀਨਗਰ ਤੋਂ ਲੈ ਕੇ ਗੋਧਰਾ ਤਕ ਉਹੀ ਕਾਰਨਾਮੇ ਦੇਸ਼ ਦੇ ਅੰਦਰ ਵੀ ਲੋਕ ਅੰਜਾਮ ਦਿੰਦੇ ਰਹੇ ਹਨ। ਬਦਕਿਸਮਤੀ ਨਾਲ ਅਸੀਂ ਇਸ ਸੱਭਿਅਤਾ ਸੰਘਰਸ਼ ਨੂੰ ਨਹੀਂ ਪਛਾਣਿਆ ਅਤੇ ਉਸ ਨਾਲ ਨਜਿੱਠਣ ਦੀ ਤਿਆਰੀ ਵੀ ਨਹੀਂ ਕੀਤੀ।

ਪਹਿਲਾਂ ਆਜ਼ਾਦੀ ਦੀ ਲੜਾਈ ਵਿਚ ਮੁਸਲਮਾਨਾਂ ਦੀ ਭਾਗੀਦਾਰੀ ਲਈ ਕਾਂਗਰਸ ਦੀਆਂ ਅਸਫ਼ਲ ਕੋਸ਼ਿਸ਼ਾਂ ਅਤੇ ਬਾਅਦ ਵਿਚ ਪਾਕਿਸਤਾਨ ਨਾਲ ਦੋਸਤੀ ਦੀਆਂ ਭਾਰਤੀ ਕੋਸ਼ਿਸ਼ਾਂ ਵਿਚ ਭਾਰੀ ਸਮਾਨਤਾ ਹੈ। ਸਮੱਸਿਆ ਦੀ ਪਛਾਣ, ਉਨ੍ਹਾਂ 'ਤੇ ਢੁੱਕਵਾਂ ਵਿਚਾਰ-ਵਟਾਂਦਰਾ, ਫਿਰ ਨੀਤੀ ਤੈਅ ਕਰਨਾ ਨਾ ਗਾਂਧੀ ਜੀ ਦੇ ਸਮੇਂ ਸੀ, ਨਾ ਅੱਜ ਹੈ। ਗਾਂਧੀ ਜੀ ਅਤੇ ਕਾਂਗਰਸ ਦੀ ਲੀਡਰਸ਼ਿਪ ਇਸ ਸਮੱਸਿਆ 'ਤੇ ਹਮੇਸ਼ਾ ਤਤਕਾਲੀ ਹੋਣ ਦੇ ਰੁਝਾਨ ਤੋਂ ਪੀੜਤ ਰਹੇ। ਇਕ ਹੀ ਸਮੱਸਿਆ ਵਾਰ-ਵਾਰ ਨਵੇਂ ਰੂਪ ਵਿਚ ਆਉਂਦੀ ਸੀ। ਫਿਰ ਵੀ ਉਸ ਦਾ ਮਾੜਾ-ਮੋਟਾ ਅਧਿਐਨ ਨਹੀਂ ਕੀਤਾ ਗਿਆ। ਹਮੇਸ਼ਾ ਕਿਸੇ ਤਰ੍ਹਾਂ ਤਤਕਾਲੀ ਸੰਕਟ ਤੋਂ ਛੁਟਕਾਰਾ ਪਾਉਣ ਅਤੇ ਮੂਲ ਸਮੱਸਿਆ ਤੋਂ ਮੂੰਹ ਫੇਰਨ ਦਾ ਰੁਝਾਨ ਹੀ ਰਿਹਾ। ਸ੍ਰੀਅਰਵਿੰਦ ਵਰਗੇ ਟਾਵੇਂ ਸਨ ਜਿਨ੍ਹਾਂ ਨੇ ਸਮੱਸਿਆ ਨੂੰ ਅੱਖ ਮਿਲਾ ਕੇ ਦੇਖਿਆ ਅਤੇ ਸਹੀ ਹੱਲ ਦੱਸਿਆ ਪਰ ਅਜਿਹੇ ਸੁਰਾਂ ਨੂੰ ਜਾਣਬੁੱਝ ਕੇ ਅਣਸੁਣਿਆ ਕੀਤਾ ਜਾਂਦਾ ਸੀ। ਹਮੇਸ਼ਾ ਕੋਈ 'ਵਾਰਤਾ' ਜਾਂ ਕਿਸੇ ਹੋਰ ਅਦਾਰੇ ਜ਼ਰੀਏ ਅਸਥਾਈ ਸ਼ਾਂਤੀ ਸਥਾਪਨਾ ਦਾ ਸ਼ਾਰਟਕੱਟ ਸਾਡੀ ਕਮਜ਼ੋਰੀ ਰਹੀ। ਇਹ ਆਸਾਨ ਉਪਾਅ ਦੀ ਲਾਲਸਾ ਸੀ। ਇਹ ਲੜਨ ਤੋਂ ਨਹੀਂ, ਸੱਚਾਈ ਤੋਂ ਬਚਣ ਦੀ ਕੋਸ਼ਿਸ਼ ਸੀ ਜੋ ਅੱਜ ਵੀ ਜਾਰੀ ਹੈ। ਮੁਸਲਿਮ ਲੀਗ ਦੀਆਂ ਗ਼ੈਰ-ਵਾਜਿਬ ਮੰਗਾਂ ਸਵੀਕਾਰ ਕਰ ਕੇ 'ਏਕਤਾ' ਦੀ ਚਾਹਤ ਜਿੰਨੀ ਖ਼ੌਫ਼ਨਾਕ ਸੀ, ਉਸ ਤੋਂ ਵੱਧ ਸਮੱਸਿਆ ਨੂੰ ਹੋਰ ਵਿਗਾੜਨ ਵਾਲੀ ਸੀ। ਗਾਂਧੀ ਜੀ ਵੀ ਇਸ ਨੂੰ ਦੇਖ ਨਾ ਸਕੇ। ਸੰਨ 1916 ਦੇ ਲਖਨਊ ਪੈਕਟ ਤੋਂ ਲੈ ਕੇ 2015 ਦੇ ਲਾਹੌਰ ਚਾਹ-ਪਕੌੜਾ ਤਕ, 'ਹੱਲ' ਕਰ ਲੈਣ ਦੀ ਉਹ ਦੂਰਗਾਮੀ ਉਮੀਦ ਕਦੀ ਨਾ ਬਦਲੀ। ਇਸ ਲਈ ਜੋ ਦ੍ਰਿਸ਼ ਪਹਿਲਾਂ ਸੀ, ਉਹੋ ਇਕ ਭਿਅੰਕਰ ਵੰਡ, ਅੰਤਹੀਣ ਦੰਗਿਆਂ, ਅੱਤਵਾਦੀ ਹਮਲਿਆਂ ਦੇ ਬਾਅਦ ਵੀ ਰੂਪ ਬਦਲ ਕੇ ਨਿਰੰਤਰ ਚੱਲ ਰਿਹਾ ਹੈ। ਸਮੱਸਿਆ ਨੂੰ ਕਿਸੇ

ਸ਼ੰਕਰ ਸ਼ਰਨ

ਪਾਕਿਸਤਾਨੀ ਨੇਤਾ ਨਾਲ 'ਵਾਰਤਾ' ਮਗਰੋਂ ਕੋਰੀ ਸ਼ਬਦੀ ਉਪਲਬਧੀ ਦੀ ਸੰਤੁਸ਼ਟੀ ਦੇ ਰੋਗ ਤੋਂ ਭਾਰਤ ਪੀੜਤ ਹੈ। ਅਣਗਿਣਤ ਵਿਸ਼ਵਾਸਘਾਤ, ਹਮਲੇ ਅਤੇ ਅਸਫ਼ਲਤਾ ਸਹਿ ਕੇ ਵੀ ਮੁੜ ਉਸੇ ਲੀਹ ਦੇ ਸਿਵਾ ਕੁਝ ਨਹੀਂ ਸੋਚ ਸਕਦਾ ਕਿਉਂਕਿ ਸਮੱਸਿਆ ਦੇ ਮੂਲ, ਵਿਚਾਰਕ, ਸੱਭਿਅਤਾ ਵਾਲੇ ਸੰਘਰਸ਼ ਦੀ ਅਣਦੇਖੀ ਕਰਦਾ ਹੈ। ਇਹ ਸੰਘਰਸ਼ ਕਿਸੇ ਵਿਦੇਸ਼ੀ ਲੋਕਾਂ ਤੋਂ ਨਹੀਂ ਸਗੋਂ ਹਿੰਦੂ ਸੱਭਿਅਤਾ ਪ੍ਰਤੀ ਸਥਾਈ ਵੈਰ-ਵਿਰੋਧਤਾ ਰੱਖਣ ਵਾਲੇ ਇਕ ਵਿਦੇਸ਼ੀ, ਸਾਮਰਾਜਵਾਦੀ, ਅਧੂਰੇ ਮੱਤਵਾਦ ਤੋਂ ਹੈ। ਉਹ ਸਾਡੇ ਹੀ ਲੋਕਾਂ ਦੇ ਮਤ ਨੂੰ ਵੰਡ ਕੇ ਸਾਡੇ ਨਾਲ ਲੜਦਾ ਰਿਹਾ ਹੈ। ਇੱਥੇ ਸਾਰੇ ਮੁਸਲਮਾਨ ਪਹਿਲਾਂ ਹਿੰਦੂ ਹੀ ਹਨ-ਇਹ ਤਾਂ ਗਾਂਧੀ ਜੀ ਤੋਂ ਲੈ ਕੇ ਫਾਰੂਕ ਅਬਦੁੱਲਾ ਤਕ ਬੋਲਦੇ ਰਹੇ ਹਨ। ਪਰ ਇਸ ਦਾ ਮਤਲਬ ਕੀ ਹੈ ? ਇਸ ਦੇ ਉੱਤਰ ਵਿਚ ਹੀ ਸਮੱਸਿਆ ਦਾ ਹੱਲ ਹੈ। ਇਸ ਦਾ ਉਪਾਅ ਹਥਿਆਰਾਂ ਨਾਲ ਨਹੀਂ ਹੈ। ਸਗੋਂ ਦੁਸ਼ਮਣ ਤਾਂ ਚਾਹੁੰਦਾ ਹੀ ਹੈ ਕਿ ਇਹ ਫ਼ੌਜੀ ਲੜਾਈ ਚੱਲਦੀ ਰਹੇ। ਇਹੋ ਉਸ ਦੇ ਲਈ ਚੰਗਾ ਹੈ ਕਿਉਂਕਿ ਉਹ ਇਸ ਦੇ ਸਿਵਾਏ ਕੁਝ ਨਹੀਂ ਜਾਣਦਾ। ਹੋਰ ਪੈਮਾਨਿਆਂ 'ਤੇ ਉਹ ਇਕਦਮ ਖੋਖਲਾ ਹੈ। ਇਸ ਨੂੰ ਦੇਖਣ ਦੇ ਬਦਲੇ ਅਸੀਂ ਭਾਰਤ-ਪਾਕਿਸਤਾਨ, ਕਾਂਗਰਸ-ਮੁਸਲਿਮ ਲੀਗ ਜਾਂ ਹਿੰਦੂ-ਮੁਸਲਿਮ ਪ੍ਰਸੰਗ ਦੀਆਂ ਸਾਰੀਆਂ ਗੱਲਾਂ, ਵੱਡੇ-ਵੱਡੇ ਇਤਿਹਾਸਕ ਤੱਥਾਂ ਤਕ ਨੂੰ ਲੁਕਾਉਂਦੇ ਰਹੇ ਹਾਂ! ਅਜਿਹੀ ਇਕਤਰਫਾ ਸੈਂਸਰਸ਼ਿਪ ਨੇ ਸਾਨੂੰ ਹਨੇਰੇ ਵਿਚ ਰੱਖਿਆ ਜਿਸ ਦਾ ਪੀੜ੍ਹੀ-ਦਰ-ਪੀੜ੍ਹੀ ਖਮਿਆਜ਼ਾ ਸਾਨੂੰ ਵਾਰ-ਵਾਰ ਧੋਖੇ ਅਤੇ ਹਿੰਸਾ ਦੇ ਰੂਪ ਵਿਚ ਭੁਗਤਣਾ ਪਿਆ। ਇਸ ਦੌਰਾਨ ਜਿਵੇਂ ਬ੍ਰਿਟਿਸ਼ ਆਪਣੇ ਹਿੱਤ ਵਿਚ ਸਾਡੇ ਵਿਰੁੱਧ ਮੁਸਲਿਮ-ਲੀਗ ਕਾਰਡ ਇਸਤੇਮਾਲ ਕਰਦੇ ਸਨ ਤਾਂ ਕਦੇ ਸਾਡੇ ਨਾਲ ਸਹਿਮਤ ਹੋ ਕੇ ਲੀਗ 'ਤੇ ਦਬਾਅ ਪਾਉਂਦੇ ਸਨ, ਉਹੋ ਅੱਜ ਵੀ ਹੋ ਰਿਹਾ ਹੈ। ਪਾਕਿਸਤਾਨ 'ਤੇ ਯੂਰਪੀ ਜਾਂ ਅਮਰੀਕੀ ਨਿੰਦਾ ਦਾ ਕੋਈ ਅਰਥ ਨਹੀਂ, ਜਦ ਅਸੀਂ ਮਿੱਥਾਂ-ਕਲਪਨਾਵਾਂ ਰਾਹੀਂ ਹੱਲ ਦੀ ਉਮੀਦ ਪਾਲ ਰੱਖੀ ਹੈ। ਅਸੀਂ ਕਦੇ ਨਹੀਂ ਸੋਚਿਆ ਕਿ ਪਾਕਿਸਤਾਨ ਅਜਿਹਾ ਕਿਉਂ ਕਰ ਰਿਹਾ ? ਉਹ ਇਕ ਸੁਤੰਤਰ ਮੁਸਲਿਮ ਦੇਸ਼ ਬਣ ਕੇ ਕਿਉਂ ਸੰਤੁਸ਼ਟ ਨਹੀਂ ਹੋਇਆ ? ਅਜਿਹਾ ਇਸ ਲਈ, ਕਿਉਂਕਿ ਪਾਕਿਸਤਾਨ ਕੋਈ ਸਹਿਜ ਦੇਸ਼ ਹੀ ਨਹੀਂ ਹੈ। ਉਹ ਇਸਲਾਮੀ ਕਬਜ਼ੇ ਵਾਲਾ ਭਾਰਤ ਹੀ ਹੈ। ਉਸ ਨੂੰ ਪੂਰੇ ਭਾਰਤ 'ਤੇ ਉਹੀ ਕਬਜ਼ਾ ਚਾਹੀਦਾ ਹੈ ਜਿਸ ਦਾ ਉਸ ਦੇ ਆਪਣੇ ਸ਼ਬਦਾਂ ਵਿਚ 'ਕਸ਼ਮੀਰ' ਮਹਿਜ਼ ਦਰਵਾਜ਼ਾ ਹੈ। ਅਸਲ ਵਿਚ ਪਾਕਿਸਤਾਨ ਉਸ ਸਾਮਰਾਜਵਾਦੀ ਦੁਸ਼ਮਣ ਮੱਤਵਾਦ ਦਾ ਮਹਿਜ਼ ਸਰੀਰ ਹੈ। ਇਸੇ ਲਈ ਉਹ ਆਮ ਦੇਸ਼ ਵਰਗਾ ਆਚਰਨ ਨਹੀਂ ਕਰਦਾ। ਉਸ ਨੂੰ ਭਾਰਤ ਨੂੰ ਤੋੜਨਾ ਹੈ, ਵਰਨਾ ਉਹ ਖ਼ੁਦ ਟੁੱਟੇਗਾ। ਇਹੋ ਤ੍ਰਾਸਦੀ ਭਾਰਤ ਦੀ ਵੀ ਹੈ। ਜੇ ਉਹ ਇਸਲਾਮ ਨੂੰ ਹਰਾ ਕੇ, ਫ਼ਰਜ਼ੀ ਵੰਡ ਖ਼ਤਮ ਕਰ ਕੇ ਮੁੜ ਭਾਰਤ ਦੀ ਪੁਨਰ-ਸਥਾਪਨਾ ਦਾ ਟੀਚਾ ਨਹੀਂ ਰੱਖਦਾ ਤਾਂ ਇਹ ਹੋਰ ਖੰਡਿਤ ਹੋਵੇਗਾ। ਆਜ਼ਾਦੀ ਮਗਰੋਂ ਅਣਗਿਣਤ ਘਟਨਾਵਾਂ ਨੇ ਇਸ ਦੀ ਪੁਸ਼ਟੀ ਹੀ ਕੀਤੀ ਹੈ। ਸਿੰਮੀ, ਇੰਡੀਅਨ ਮੁਜਾਹਿਦੀਨ ਅਤੇ ਹੁਰੀਅਤ ਵਰਗੇ ਤਮਾਮ ਸੰਗਠਨ ਜਿਸ ਕੰਮ ਵਿਚ ਲੱਗੇ ਹਨ, ਉਸ ਨੂੰ ਅਸੀਂ ਦੇਖ ਕੇ ਵੀ ਅਣਦੇਖਿਆ ਨਹੀਂ ਕਰ ਰਹੇ ਹਾਂ।

ਇਹ ਉਸ ਸੱਭਿਅਤਾ ਵਾਲੇ ਵਿਚਾਰਕ ਸੰਘਰਸ਼ ਤੋਂ ਬਚਣ ਦੀ ਖ਼ਾਹਿਸ਼ ਹੈ ਪਰ ਜਿਸ ਦਿਨ ਅਸੀਂ ਇਸ ਦਾ ਸਾਹਮਣਾ ਕਰਨਾ ਸ਼ੁਰੂ ਕਰ ਦੇਵਾਂਗੇ, ਉਸੇ ਦਿਨ ਸਾਡੀ ਸਥਾਈ ਜਿੱਤ ਸ਼ੁਰੂ ਹੋਵੇਗੀ। ਇਹ ਖੁੱਲ੍ਹ ਕੇ ਕਹਿਣਾ ਪੂਰੀ ਤਰ੍ਹਾਂ ਅਹਿੰਸਕ ਪਰ ਵਿਚਾਰਕ ਹਮਲਾ ਹੈ ਕਿ ਜਿਸ ਮਤਵਾਦ ਨਾਲ ਪਾਕਿਸਤਾਨ ਬਣਿਆ ਸੀ, ਉਸ ਵਿਚ ਕਦੇ ਕੁਝ ਵੀ ਚੰਗਾ ਨਹੀਂ ਰਿਹਾ ਹੈ। ਉਸ ਨੇ ਅੱਜ ਤਕ ਅੰਤਹੀਣ ਵੱਢ-ਟੁੱਕ, ਗ਼ੁਲਾਮੀ, ਤਬਾਹੀ ਅਤੇ ਅਸ਼ਾਂਤੀ ਦੇ ਸਿਵਾਏ ਕੁਝ ਨਹੀਂ ਦਿੱਤਾ ਹੈ। ਇਸ ਕੌੜੇ ਸੱਚ ਨੂੰ ਪੋਪ ਬੈਨੇਡਿਕਟ ਕਹਿ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਜੋ ਇਸ ਨੂੰ ਸਦੀਆਂ ਤੋਂ ਪਿੰਡੇ 'ਤੇ ਹੰਢਾ ਰਹੇ ਹਾਂ ? ਹਾਲੇ ਤਕ ਅਸੀਂ ਮਾਨਸਿਕ ਤੌਰ 'ਤੇ ਸੁਤੰਤਰ ਨਹੀਂ ਹੋਏ ਅਤੇ ਆਪਣੇ ਧਰਮ ਅਤੇ ਜ਼ਿੰਮੇਵਾਰੀ ਨੂੰ ਨਹੀਂ ਸਮਝ ਸਕੇ ਹਾਂ। ਇਸ ਲਈ ਇਹ ਭਰਮ ਹੈ। ਇਹ ਮੂਲ ਰੂਪ ਵਿਚ ਵਿਚਾਰਕ, ਗ਼ੈਰ-ਫ਼ੌਜੀ ਅਤੇ ਅਹਿੰਸਕ ਜੰਗ ਹੈ। ਜਿੰਨਾ ਪਾਕਿਸਤਾਨ ਨਾਲ, ਓਨਾ ਹੀ ਅੰਦਰੋਂ ਵੀ ਇਸ ਨਾਲ ਲੜਨਾ ਪਵੇਗਾ। ਰੱਖਿਆਤਮਕ ਨਹੀਂ, ਹਮਲਾਵਰ ਹੋ ਕੇ ਲੜਨਾ ਹੋਵੇਗਾ। ਇਹ ਦੁਸ਼ਮਣ ਮਤਵਾਦ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਣ ਦੀ ਲੜਾਈ ਹੈ। ਇਸ ਵਿਚ ਉਸ ਦੀ ਹਾਰ ਪੱਕੀ ਹੈ। ਸਿਰਫ਼ ਇਸ ਨੂੰ ਸ਼ੁਰੂ ਕਰਨ ਵਿਚ ਸਾਨੂੰ ਆਪਣੀ ਝਿਜਕ ਦੂਰ ਕਰਨੀ ਹੋਵੇਗੀ। ਇਸ ਤੋਂ ਕੰਨੀ ਕਤਰਾਉਣਾ ਨਾ ਧਰਮ ਹੈ, ਨਾ ਲਾਭਕਾਰੀ। ਇਹ ਸੱਚ, ਸਵੈਮਾਣ, ਮਨੋਬਲ ਅਤੇ ਚਰਿੱਤਰ ਦੀ ਜੰਗ ਹੈ। ਅਸਤਰ-ਸ਼ਸਤਰ ਜਾਂ ਕੂਟਨੀਤੀ ਉਸ ਮਗਰੋਂ ਆਉਂਦੇ ਹਨ। ਇਹ ਸਮਝ ਕੇ ਇਸ ਜੰਗ ਨੂੰ ਸਰਲਤਾ ਨਾਲ ਜਿੱਤ ਸਕਦੇ ਹਾਂ। ਇਸ ਵਿਚ ਹਥਿਆਰਬੰਦ ਫ਼ੌਜੀਆਂ ਦੀ ਜ਼ਰੂਰਤ ਬਹੁਤ ਘੱਟ ਪਵੇਗੀ।

# ਪੰਜਾਬੀ ਗਾਇਕੀ ਦੇ ਸਾਰਥਕ ਪਹਿਲੂ : ਸੰਖੇਪ ਚਰਚਾ

ਅਜੋਕਾ ਯੁਗ ਵਿਗਿਆਨ ਦਾ ਯੁਗ ਹੈ। ਹਰ ਪਾਸੇ ਵਿਗਿਆਨਕ ਕਾਢਾਂ ਦਾ ਬੋਲ-ਬਾਲਾ ਹੈ। ਮਨੁੱਖੀ ਜੀਵਨ ਪਹਿਲਾਂ ਨਾਲੋਂ ਵਧੇਰੇ ਸੁਖਾਲਾ ਹੋ ਗਿਆ ਹੈ। ਹੱਥੀਂ ਕੰਮ ਕਰਨ ਤੋਂ ਨਿਜ਼ਾਤ ਮਿਲ ਗਈ ਹੈ ਕਿਉਂਕਿ ਮਸ਼ੀਨਾਂ ਨੇ ਬਹੁਤੇ ਮਨੁੱਖੀ ਕੰਮਾਂ ਨੂੰ ਆਸਾਨੀ ਨਾਲ ਨੇਪਰੇ ਚਾੜਨਾ ਸ਼ੁਰੂ ਕਰ ਦਿੱਤਾ ਹੈ। ਦਿਨਾਂ ਦਾ ਕੰਮ, ਘੰਟਿਆਂ ਵਿਚ ਹੋਣ ਲੱਗਾ ਹੈ। ਪਰ ਅੱਜ ਦਾ ਮਨੁੱਖ ਸਰੀਰਕ ਲੋੜਾਂ ਤੋਂ ਇਲਾਵਾ ਮਾਨਸਿਕ ਲੋੜਾਂ ਨੂੰ ਪੂਰਾ ਕਰਨਾ ਚਾਹੁੰਦਾ ਹੈ/ ਮਾਨਸਿਕ ਸਕੂਨ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਕਰਕੇ ਮਨੁੱਖ ਆਪਣੇ ਮਨਪੰਸਦ ਗੀਤ- ਸੰਗੀਤ ਨੂੰ ਸੁਣਨਾ ਚਾਹੁੰਦਾ ਹੈ। ਖ਼ਬਰੇ ! ਇਸੇ ਕਰਕੇ ਸੰਗੀਤ ਨੂੰ ਮਨੁੱਖ ਦੇ ਰੂਹ ਦੀ ਖੁਰਾਕ ਕਿਹਾ ਜਾਂਦਾ ਹੈ/ ਮੰਨਿਆ ਜਾਂਦਾ ਹੈ।

ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਡਿੱਗਦੇ ਮਿਆਰ ਨਾਲ ਸੰਬੰਧਤ ਬਹੁਤ ਸਾਰੇ ਲੇਖ ਅਤੇ ਸੈਮੀਨਾਰ ਅਕਸਰ ਹੁੰਦੇ ਰਹਿੰਦੇ ਹਨ। ਪਰ ! ਸੰਗੀਤ ਦੇ ਸਾਰਥਕ ਪਹਿਲੂਆਂ ਬਾਰੇ ਨਿੱਠ ਕੇ ਕੰਮ ਕਰਨ ਵਿਚ ਆਮਤੌਰ ਤੇ ਕੁਤਾਹੀ ਹੀ ਵਰਤੀ ਜਾਂਦੀ ਹੈ। ਇਸ ਕਰਕੇ ਬਹੁਤ ਸਾਰੇ ਚੰਗੇ ਗਾਇਕ/ ਗੀਤਕਾਰ ਗਿਲ਼ਾ ਕਰਦੇ ਰਹਿੰਦੇ ਹਨ ਕਿ ਮਾੜੇ ਗੀਤਾਂ ਉੱਪਰ ਬਹੁਤ ਰੌਲ਼ਾ ਪਾਇਆ ਜਾਂਦਾ ਹੈ ਪਰ ਚੰਗੇ ਗੀਤਾਂ ਦੀ ਸਿਫ਼ਤ ਨਹੀਂ ਕੀਤੀ ਜਾਂਦੀ। ਉਂਝ ਇਹ ਗੱਲ ਬਿਲਕੁਲ ਸੱਚ ਵੀ ਹੈ ਕਿ ਅਸੀਂ ਮੰਦੇ ਗੀਤਾਂ ਨੂੰ ਮਸ਼ਹੂਰ ਕਰ ਦਿੰਦੇ ਹਾਂ ਪਰ ! ਚੰਗੇ ਅਤੇ ਸਾਰਥਕ ਗੀਤਾਂ ਉੱਪਰ ਕਦੇ ਕੋਈ ਵਿਚਾਰ-ਚਰਚਾ ਨਹੀਂ ਕਰਦੇ। ਇਸ ਕਰਕੇ ਬਹੁਤ ਸਾਰੇ ਚੰਗੇ ਗਾਇਕ ਅਤੇ ਗੀਤਕਾਰ ਸੰਗੀਤ ਦੀ ਮੰਡੀ ਵਿਚੋਂ ਬਾਹਰ ਹੋ ਚੁਕੇ ਹਨ ਜਾਂ ਇਸ ਕਾਰਜ ਨੂੰ ਅਲਵਿਦਾ ਆਖ ਚੁਕੇ ਹਨ।

ਖ਼ੈਰ ! ਗੀਤ- ਸੰਗੀਤ ਨਾਲ ਜਿੱਥੇ ਮਨੁੱਖ ਦਾ ਮਨੋਰੰਜਨ ਹੁੰਦਾ ਹੈ ਉੱਥੇ ਹੀ ਬਹੁਤ ਸਾਰੇ ਨਵੇਂ ਤੱਥਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਲੋਕ ਗੀਤਾਂ ਰਾਹੀਂ ਇਤਿਹਾਸਕ ਸਰੋਤਾਂ ਦੀ ਜਾਣਕਾਰੀ ਮਿਲਦੀ ਹੈ। ਮਨੋਵਿਗਿਆਨੀਆਂ ਦਾ ਕਹਿਣਾ ਹੈ, 'ਮਨੁੱਖੀ ਬਿਰਤੀ ਪੜਨ ਨਾਲੋਂ ਸੁਣਨ ਨਾਲ ਜਿਆਦਾ ਤੇਜੀ ਨਾਲ ਗ੍ਰਹਿਣ ਕਰਦੀ ਹੈ ਭਾਵ ਬੰਦਾ ਪੜਨ ਨਾਲੋਂ ਸੁਣ ਕੇ ਜਿਆਦਾ ਤੇਜੀ ਨਾਲ ਸਿੱਖਦਾ ਹੈ। ਮਨੁੱਖ ਵੱਲੋਂ ਸੁਣਿਆ ਹੋਇਆ ਕੋਈ ਵਾਕਿਆ ਬਹੁਤ ਦੇਰ ਤੱਕ ਯਾਦ ਸ਼ਕਤੀ ਵਿਚ ਮੌਜੂਦ ਰਹਿੰਦਾ ਹੈ ਪਰ ! ਪੜਿਆ ਹੋਇਆ ਵਾਕਿਆ ਕੁਝ ਸਮੇਂ ਮਗਰੋਂ ਭੁੱਲ ਜਾਂਦਾ ਹੈ।' ਸਕੂਲਾਂ/ ਕਾਲਜਾਂ ਵਿਚ ਵੀ ਅੱਜ ਕੱਲ ਪੜਾਉਣ ਦੇ ਇਹਨਾਂ ਤਰੀਕਿਆਂ ਨੂੰ ਵਰਤਿਆ ਜਾ ਰਿਹਾ ਹੈ। ਨਿੱਕੇ ਬੱਚਿਆਂ ਨੂੰ ਪੜਾਉਣ ਲਈ ਕਿਤਾਬਾਂ ਦਾ ਸਹਾਰਾ ਨਹੀਂ ਲਿਆ ਜਾਂਦਾ ਬਲਕਿ ਗੀਤ- ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ। ਉਂਝ ਬੱਚੇ ਸੁਣ ਕੇ ਜਿਆਦਾ ਯਾਦ ਰੱਖਦੇ ਹਨ। ਵਰਿਆਂ ਪਹਿਲਾਂ ਦੇਖੀ ਹੋਈ ਕਿਸੇ ਫਿਲਮ ਦੀ ਕਹਾਣੀ ਨੂੰ ਕਈ ਵਰੇ ਬਾਅਦ ਵਿਚ ਵੀ ਚੇਤੇ ਰੱਖਿਆ ਜਾ ਸਕਦਾ ਹੈ ਪਰ ! ਪੜੀ ਗਈ ਕੋਈ ਕਹਾਣੀ ਬਹੁਤੀ ਦੇਰ ਚੇਤੇ ਨਹੀਂ ਰਹਿੰਦੀ। ਠੀਕ ਇਸੇ ਤਰਾਂ ਪੰਜਾਬੀ ਲੋਕ ਗੀਤਾਂ ਨੂੰ ਸੁਣਨ ਨਾਲ ਬਹੁਤ ਸਾਰੇ ਇਤਿਹਾਸਕ ਪਾਤਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਨਾਂ ਬਾਰੇ ਕਿਤਾਬਾਂ ਤੋਂ ਕਦੇ ਨਹੀਂ ਪੜਿਆ ਗਿਆ ਹੁੰਦਾ। ਉਂਝ ਵੀ ਕਿਤਾਬਾਂ ਪੜਨ ਦਾ ਰੁਝਾਨ ਖ਼ਤਮ ਹੁੰਦਾ ਜਾ ਰਿਹਾ ਹੈ, ਖ਼ਾਸ ਕਰਕੇ ਮੁੱਲ ਖ਼ਰੀਦ ਕੇ। ਖ਼ੈਰ ! ਇਹ ਵੱਖਰਾ ਵਿਸ਼ਾ ਹੈ। ਪੰਜਾਬ ਦੇ ਲੋਕ ਨਾਇਕ ਬਾਬਾ ਬੰਦਾ ਸਿੰਘ ਬਹਾਦਰ, ਦੁੱਲਾ- ਭੱਟੀ, ਜੀਉਣਾ- ਮੌੜ, ਜੱਗਾ- ਜੱਟ, ਸੁੱਚਾ- ਸੂਰਮਾ ਅਤੇ ਮਿਰਜ਼ਾ ਆਦਿਕ ਦੀਆਂ ਵਾਰਾਂ ਨੇ ਨੌਜਵਾਨਾਂ ਨੂੰ ਇਹਨਾਂ ਦੇ

ਡਾ. ਨਿਸ਼ਾਨ ਸਿੰਘ ਰਾਠੌਰ

ਜੀਵਨ ਬਾਰੇ ਜਾਣਕਾਰੀ ਦਿੱਤੀ ਹੈ। ਪੰਜਾਬੀ ਦੇ ਬਹੁਤ ਸਾਰੇ ਗਾਇਕਾਂ ਨੇ ਇਹਨਾਂ ਸੂਰਮਿਆਂ ਦੇ ਜੀਵਨ ਨਾਲ ਸੰਬੰਧਤ ਲੋਕ- ਗਾਥਾਵਾਂ ਨੂੰ ਗਾਇਆ ਹੈ ਅਤੇ ਅਜੋਕੀ ਪੀੜੀ ਨੂੰ ਇਹਨਾਂ ਲੋਕ- ਨਾਇਕਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਹੈ। ਉਂਝ ਵੀ ਪੰਜਾਬੀ ਜਨ- ਜੀਵਨ ਵਿਚ ਇਹਨਾਂ ਸੂਰਬੀਰਾਂ ਦੀਆਂ ਵਾਰਾਂ ਗਾਉਣ/ ਸੁਣਨ ਦਾ ਰੁਝਾਨ ਰਿਹਾ ਹੈ। ਲੋਕ ਨਾਇਕਾਂ ਤੋਂ ਇਲਾਵਾ ਸੂਫ਼ੀ ਸੰਗੀਤ ਨੇ ਮਨੁੱਖ ਨੂੰ ਰੂਹਾਨੀਅਤ ਭਰਪੂਰ ਸੰਦੇਸ਼ ਦਿੱਤਾ ਹੈ। ਸੂਫ਼ੀ ਸੰਗੀਤ ਤੋਂ ਇਹਨਾਂ ਸੂਫ਼ੀ ਸੰਤਾਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹਨਾਂ ਸੂਫ਼ੀਆਂ ਨੇ ਸੱਚੇ ਇਸ਼ਕ ਨਾਲ/ ਇਬਾਦਤ ਨਾਲ ਰੱਬ ਦੀ ਪ੍ਰਾਪਤੀ ਦਾ ਰਾਹ ਦੱਸਿਆ। ਇਹਨਾਂ ਗੱਲਾਂ ਨੂੰ ਲੋਕ ਗੀਤਾਂ ਰਾਹੀਂ ਬਹੁਤ ਸਾਰੇ ਸੂਫ਼ੀ ਗਾਇਕਾਂ ਨੇ ਚੰਗੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਲੋਕਾਂ ਨੇ ਇਸ ਸੰਗੀਤ ਨੂੰ ਦਿਲੋਂ ਪਰਵਾਨ ਵੀ ਕੀਤਾ ਹੈ।

ਅਜੋਕੇ ਸਮੇਂ ਦੀਆਂ ਸਮਾਜਿਕ ਸਮੱਸਿਆਵਾਂ ਨੂੰ ਗੀਤਾਂ ਵਿਚ ਪੇਸ਼ ਕੀਤਾ ਗਿਆ ਹੈ। ਕਿਸਾਨਾਂ ਨੂੰ ਕਰਜ਼ੇ ਤੋਂ ਬਚਣ ਲਈ ਤਾਕੀਦ ਕੀਤੀ ਗਈ ਹੈ। ਦਾਜ- ਦਹੇਜ ਤੋਂ ਪ੍ਰਹੇਜ ਕਰਨ ਲਈ ਗੀਤਾਂ ਦੀ ਰਚਨਾ ਕੀਤੀ ਗਈ ਹੈ। ਨੌਜਵਾਨਾਂ ਨੂੰ ਗੈਰ- ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਣ ਤੋਂ ਰੋਕਿਆ ਗਿਆ ਹੈ/ ਸਮਝਾਇਆ ਗਿਆ ਹੈ। ਕੁੜੀਆਂ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਗਿਆ ਹੈ। ਅੱਜ ਦਾ ਜ਼ਮਾਨਾ ਅੱਗੇ ਵੱਧਣ ਦਾ ਜ਼ਮਾਨਾ ਹੈ। ਹੁਣ ਕੁੜੀਆਂ ਕਿਸੇ ਵੀ ਖੇਤਰ ਵਿਚ ਮੁੰਡਿਆਂ ਤੋਂ ਘੱਟ ਨਹੀਂ ਹਨ। ਇਹਨਾਂ ਸੰਕਲਪਾਂ ਨੂੰ ਪੰਜਾਬੀ ਗੀਤਕਾਰੀ ਦੇ ਕੁਝ ਕੁ ਗੀਤਕਾਰ ਅਤੇ ਗਾਇਕ ਆਪਣੇ ਗੀਤਾਂ ਦਾ ਹਿੱਸਾ ਬਣਾ ਰਹੇ ਹਨ। ਇਹ ਚੰਗੀ ਗੱਲ ਹੈ। ਲੋਕ ਗੀਤਾਂ ਰਾਹੀਂ ਦੇਸ਼ ਦੇ ਰਾਜਨੀਤਕ ਹਾਲਾਤਾਂ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ। ਜਿਵੇਂ ਦੇਸ਼ ਦੀ ਤਰੱਕੀ ਦੀ ਗੱਲ/ ਰਾਜਨੀਤਕ ਪਾਰਟੀਆਂ ਦੇ ਘਪੱਲਿਆਂ ਦੀ ਗੱਲ/ ਫ਼ੌਜੀ ਜਵਾਨਾਂ ਦੀ ਗੱਲ/ ਪਰਵਾਸ ਦੀ ਗੱਲ ਅਤੇ ਸਮਾਜਿਕ ਬਣਤਰ ਦੀ ਗੱਲ। ਇਹਨਾਂ ਗੀਤਾਂ ਨੂੰ ਸੁਣ ਕੇ ਆਮ ਲੋਕਾਂ ਨੂੰ ਰਾਜਨੀਤਕ ਸੰਦਰਭ ਦੀ ਗੱਲ ਛੇਤੀ ਸਮਝ ਵਿਚ ਆ ਜਾਂਦੀ ਹੈ। ਲੋਕ ਇਹਨਾਂ ਗੀਤਾਂ ਦੇ ਮਾਧਿਅਮ ਰਾਹੀਂ ਮੁਲਕ ਦੇ ਹਾਲਾਤਾਂ ਨੂੰ ਸਮਝਦੇ ਹਨ/ ਜਾਣਦੇ ਹਨ। ਪਰ ! ਬਦਕਿਸਮਤੀ ਅਸੀਂ ਕਦੇ ਸਾਰਥਕ ਪਹਿਲੂਆਂ ਉੱਪਰ ਵਿਚਾਰ- ਚਰਚਾ ਨਹੀਂ ਕਰਦੇ। ਕਦੇ ਚੰਗੇ ਕੰਮ ਦੀ ਸੋਭਾ ਨਹੀਂ ਕਰਦੇ/ ਵਡਿਆਈ ਨਹੀਂ ਕਰਦੇ। ਹਾਂ, ਮੰਦੇ ਕੰਮ ਲਈ ਭੰਡਣਾ ਜ਼ਰੂਰ ਸ਼ੁਰੂ ਕਰ ਦਿੰਦੇ ਹਾਂ। ਸਾਹਿਤ ਵਿਚ ਪੜਾਇਆ ਜਾਂਦਾ ਹੈ ਕਿ ਹਰ ਚੀਜ਼ ਦੇ ਦੋ ਪੱਖ ਹੁੰਦੇ ਹਨ। ਸਾਰਥਕ ਅਤੇ ਨਿਰਾਰਥਕ। ਜੇਕਰ ਕੁਝ ਲੋਕ ਮੰਦਾ ਗਾ ਰਹੇ ਹਨ ਤਾਂ ਕੁਝ ਲੋਕ ਚੰਗਾ ਅਤੇ ਰੂਹਾਨੀਅਤ ਭਰਪੂਰ ਗਾਇਕੀ ਵੀ ਗਾ ਰਹੇ ਹਨ। ਪਰ ! ਉਹਨਾਂ ਦੀ ਕਦੇ ਕੋਈ ਸਾਰਥਕ ਚਰਚਾ ਨਹੀਂ ਕੀਤੀ ਜਾਂਦੀ। ਉਹਨਾਂ ਗਾਇਕਾਂ/ ਗੀਤਕਾਰਾਂ ਨੂੰ ਕਦੇ ਸਾਹਮਣੇ ਨਹੀਂ ਲਿਆਇਆ ਜਾਂਦਾ ਜਿਨਾਂ ਅਰਥ ਭਰਪੂਰ ਗਾਇਕੀ ਰਾਹੀਂ ਸਮਾਜ ਨੂੰ ਸਿੱਧੇ ਰਾਹ ਪਾਉਣ ਦਾ ਉੱਪਰਾਲਾ ਕੀਤਾ ਹੁੰਦਾ ਹੈ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਇਹ ਸਾਡੇ ਉੱਪਰ ਨਿਰਭਰ ਕਰਦਾ ਹੈ ਕਿ ਅਸੀਂ ਸਾਰਥਕ ਸੋਚ ਦੇ ਧਾਰਨੀ ਲੋਕਾਂ/ ਗਾਇਕਾਂ/ ਗੀਤਕਾਰਾਂ ਨੂੰ ਅੱਗੇ ਲੈ ਕੇ ਆਉਣਾ ਹੈ ਜਾਂ ਫਿਰ ਨਕਾਰਤਮਕਤਾ ਭਰਪੂਰ ਲੋਕਾਂ ਨੂੰ। ਚੰਗੇ ਕੰਮ ਦੀ ਜੇਕਰ ਸੋਭਾ ਹੋਵੇਗੀ ਤਾਂ ਚੰਗਾ ਗਾਉਣ ਵਾਲੇ ਲੋਕ ਅੱਗੇ ਆਉਣਗੇ ਅਤੇ ਜੇਕਰ ਇਸੇ ਤਰਾਂ ਮੰਦਾ ਗਾਉਣ ਵਾਲੇ ਸੋਭਾ ਖੱਟਦੇ ਰਹੇ ਤਾਂ ਚੰਗਾ ਗਾਉਣ ਵਾਲੇ ਕਦੇ ਵੀ ਅੱਗੇ ਨਹੀਂ ਆ ਸਕਦੇ। ਇਹ ਅਟੱਲ ਸੱਚਾਈ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮੰਦੇ ਕੰਮ ਦੀ ਭੰਡੀ ਹੋਣੀ ਚਾਹੀਦੀ ਹੈ ਪਰ ! ਨਾਲ ਹੀ ਚੰਗੇ ਕੰਮ ਦੀ ਸੋਭਾ ਵੀ ਹੋਣੀ ਚਾਹੀਦੀ ਹੈ/ ਨਹੀਂ ਤਾਂ ਚੰਗਾ ਗਾਉਣ ਵਾਲੇ/ ਚੰਗਾ ਲਿਖਣ ਵਾਲੇ ਹੌਸਲਾ ਹਾਰ ਜਾਂਦੇ ਹਨ। ਸਾਨੂੰ ਸਾਰਿਆਂ ਨੂੰ ਸੁਚੇਤ ਹੋ ਕੇ ਚੰਗਾ ਗਾਉਣ ਵਾਲਿਆਂ ਦੇ ਨਾਲ ਖੜਨਾ ਚਾਹੀਦਾ ਹੈ ਤਾਂ ਕਿ ਉਹ ਹੋਰ ਵਧੀਆ ਗਾਇਕੀ ਰਾਹੀਂ ਸਮਾਜ ਵਿਚ ਸਾਰਥਕ ਰੋਲ ਅਦਾ ਕਰ ਸਕਣ ਅਤੇ ਮੰਦਾ ਗਾਉਣ ਵਾਲਿਆਂ ਨੂੰ ਸਬਕ ਮਿਲ ਸਕੇ। ਆਮੀਨ

ਮੋਬਾ. 075892- 33437

# ਘੋੜੀਆਂ ਤੇ ਸੁਹਾਗ : ਮੱਧਕਾਲ ਤੋਂ ਸਮਕਾਲ ਤੱਕ ਦਾ ਸਫ਼ਰ

ਮਨੁੱਖ ਦੀ ਜ਼ਿੰਦਗੀ ਵਿਚ ਤਿੰਨ ਸੰਸਕਾਰ ਬਹੁਤ ਮਹੱਤਵਪੂਰਨ ਮੰਨੇ ਜਾਂਦੇ ਹਨ। ਜਨਮ ਸੰਸਕਾਰ, ਅਨੰਦ ਸੰਸਕਾਰ ਅਤੇ ਅੰਤਿਮ ਸੰਸਕਾਰ। ਧਾਰਮਕ ਦ੍ਰਿਸ਼ਟੀ ਤੋਂ ਕੁਝ ਹੋਰ ਰਹੁ- ਰੀਤਾਂ ਵੀ ਹੁੰਦੀਆਂ ਹਨ ਪ੍ਰੰਤੂ ਲੋਕਧਾਰਾਈ ਪਰਿਪੇਖ ਦੇ ਅੰਤਰਗਤ ਉਪਰੋਕਤ ਤਿੰਨ ਸੰਸਕਾਰ ਲਾਜ਼ਮੀ ਅਤੇ ਵਿਸ਼ੇਸ਼ ਅਹਿਮੀਅਤ ਰੱਖਦੇ ਹਨ। ਜਨਮ ਵੇਲੇ ਵੀ ਕਈ ਪ੍ਰਕਾਰ ਦੇ ਸੰਸਕਾਰ ਅਤੇ ਕਾਰ— ਵਿਹਾਰ ਕੀਤੇ ਜਾਂਦੇ ਹਨ। ਜਿਵੇਂ ਨਵ- ਜੰਮੇ ਬਾਲ ਨੂੰ ਗੁੜ੍ਹਤੀ ਦੇਣ ਦਾ ਸੰਸਕਾਰ ਅਤੇ ਨਾਮ ਰੱਖਣ ਦਾ ਸੰਸਕਾਰ ਆਦਿਕ।

ਮੌਤ ਵੇਲੇ ਤਤਕਾਲੀਨ ਪ੍ਰਸਥਿਤੀਆਂ ਮੁਤਾਬਕ ਅਗਨ ਭੇਟ ਜਾਂ ਜਲ ਪ੍ਰਵਾਹ ਕਰਨ ਦਾ ਵਿਥਾਨ ਹੈ। ਵੈਣ ਅਤੇ ਕੀਰਨੇ ਆਦਿਕ ਪਾ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਖ਼ੈਰ, ਇਹ ਵੱਖਰਾ ਵਿਸ਼ਾ ਹੈ। ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਅਨੰਦ (ਵਿਆਹ) ਸੰਸਕਾਰ ਦੀ ਲੋਕਧਾਰਾਈ ਪਰਿਪੇਖ ਵਿਚ ਚਰਚਾ ਕਰਨਾ ਹੈ। ਅਨੰਦ (ਵਿਆਹ) ਸੰਸਕਾਰ ਮਨੁੱਖੀ ਜੀਵਨ ਦਾ ਅਹਿਮ ਸੰਸਕਾਰ ਮੰਨਿਆ ਜਾਂਦਾ ਹੈ। ਇਸ ਮੌਕੇ ਜਿੱਥੇ ਸਮਾਜਕ ਸੰਦਰਭ ਮੁਤਾਬਕ ਕਾਰਜ ਕੀਤੇ ਜਾਂਦੇ ਹਨ ਉੱਥੇ ਹੀ ਧਾਰਮਕ ਦ੍ਰਿਸ਼ਟੀਕੋਣ ਮੁਤਾਬਕ ਵੀ ਕਈ ਪ੍ਰਕਾਰ ਦੇ ਰੀਤੀ— ਰਿਵਾਜ਼ ਨੇਪਰੇ ਚਾੜੇ ਜਾਂਦੇ ਹਨ।

ਵਿਆਹ ਦਾ ਸਮਾਂ ਹਰ ਮਨੁੱਖ ਦੇ ਜੀਵਨ ਦਾ ਅਹਿਮ ਸਮਾਂ ਹੁੰਦਾ ਹੈ। ਪੰਜਾਬੀ ਲੋਕਧਾਰਾ ਦੇ ਅੰਤਰਗਤ ਮੁੰਡੇ ਦੇ ਵਿਆਹ ਤੇ ਘੋੜੀਆਂ ਅਤੇ ਕੁੜੀ ਦੇ ਵਿਆਹ ਤੇ ਸੁਹਾਗ ਗਾਏ ਜਾਣ ਦਾ ਵਿਧਾਨ ਪ੍ਰਚਲਤ ਹੈ;

ਵਿਆਹ ਦੇ ਗੀਤਾਂ ਨੂੰ ਅਸੀਂ ਚਾਰ ਰੂਪਾਂ ਵਿੱਚ ਵੰਡਦੇ ਹਾਂ — ਘੋੜੀਆਂ, ਸੁਹਾਗ, ਸਿੱਠਣੀਆਂ ਤੇ ਹੇਰੇ। ਘੋੜੀਆਂ ਮੁੰਡੇ ਦੇ ਵਿਆਹ ਤੇ ਗਾਈਆਂ ਜਾਂਦੀਆਂ ਹਨ, ਕੁੜੀ ਦੇ ਵਿਆਹ ਸਮੇਂ ਗਾਏ ਜਾਂਦੇ ਗੀਤਾਂ ਨੂੰ ਸੁਹਾਗ ਆਖਦੇ ਹਨ। ਹੇਰੇ ਅਤੇ ਸਿੱਠਣੀਆਂ ਮੁੰਡੇ- ਕੁੜੀ ਦੇ ਵਿਆਹ ਸਮੇਂ ਇਕੱਠੇ ਹੀ ਗਾਏ ਜਾਂਦੇ ਹਨ। (ਪੰਜਾਬੀ ਸਭਿਆਚਾਰ ਦਾ ਆਰਸੀ, ਪੰਨਾ— 48)

ਇੱਥੇ ਖ਼ਾਸ ਗੱਲ ਇਹ ਹੈ ਕਿ ਇਹ ਲੋਕਗੀਤ ਕਿਸੇ ਖ਼ਾਸ ਧਰਮ, ਫਿਰਕੇ ਜਾਂ ਮਜ਼ਹਬ ਲਈ ਰਾਖਵੇਂ ਨਹੀਂ ਹਨ ਬਲਕਿ ਇਲਾਕੇ, ਖ਼ਿੱਤੇ ਦੇ ਮੁਤਾਬਕ ਹਰ ਧਰਮ, ਫਿਰਕੇ ਤੇ ਮਜ਼ਹਬ ਵਿਚ ਗਾਏ ਜਾਂਦੇ ਹਨ। ਮਸਲਨ, ਜਿਹੜੇ ਲੋਕਗੀਤ ਚੜ੍ਹਦੇ ਪੰਜਾਬ 'ਚ ਕੁੜੀਆਂ ਤੇ ਔਰਤਾਂ ਮੁੰਡੇ ਦੇ ਵਿਆਹ 'ਤੇ ਗਾਉਂਦੀਆਂ ਹਨ ਉਹੀ ਲੋਕਗੀਤ ਲਹਿੰਦੇ ਪੰਜਾਬ ਵਿਚ ਵੀ ਗਾਏ ਜਾਂਦੇ ਹਨ। ਇੰਝ ਹੀ ਕੁੜੀ ਦੇ ਵਿਆਹ ਤੇ ਸੁਹਾਗ ਵੀ ਦੋਹੀਂ ਪਾਸੇ ਇੱਕੋ ਜਿਹੇ ਹੀ ਗਾਏ ਜਾਂਦੇ ਹਨ। ਇਹ ਖ਼ਿੱਤੇ ਦਾ ਪ੍ਰਭਾਵ ਕਿਹਾ ਜਾਂਦਾ ਹੈ ਅਤੇ ਇਹੋ ਲੋਕਧਾਰਾ ਦੀ ਵਿਲੱਖਣਤਾ ਅਤੇ ਖ਼ੂਬਸੂਰਤੀ ਹੈ;

ਹੇਰੇ, ਸਿੱਠਣੀਆਂ, ਸੁਹਾਗ ਅਤੇ ਘੋੜੀਆਂ ਮੰਗਣੇ ਅਤੇ ਵਿਆਹ ਦੀਆਂ ਰਸਮਾਂ ਨਾਲ ਸੰਬੰਧ ਰੱਖਦੇ ਗੀਤ ਹਨ। ਮੁੰਡੇ ਦੇ ਘਰ ਘੋੜੀਆਂ ਗਾਈਆਂ ਜਾਂਦੀਆਂ ਹਨ ਤੇ ਕੁੜੀ ਵਾਲੇ ਘਰ ਸੁਹਾਗ ਗਾਉਣ ਦੀ ਪਰੰਪਰਾ ਹੈ। ਇਹ ਦੋਨੋਂ ਸ਼ਗਨਾਂ ਦੇ ਗੀਤ ਹਨ। (ਲੋਕ ਗੀਤਾਂ ਦੀ ਸਮਾਜਿਕ ਵਿਆਖਿਆ, ਪੰਨਾ— 15)

ਮੁੰਡੇ ਦੇ ਵਿਆਹ ਤੇ ਗਾਏ ਜਾਂਦੇ ਗੀਤਾਂ ਨੂੰ ਘੋੜੀਆਂ ਅਤੇ ਕੁੜੀ ਦੇ ਵਿਆਹ ਤੇ ਗਾਏ ਜਾਂਦੇ ਗੀਤਾਂ ਨੂੰ ਸੁਹਾਗ ਕਿਉਂ ਕਿਹਾ ਜਾਂਦਾ ਹੈ ? ਇਸ ਸੰਬੰਧੀ ਚਰਚਾ ਕਰਦਿਆਂ 'ਸੁਖਦੇਵ ਮਾਦਪੁਰੀ' ਆਪਣੇ ਲੇਖ ਵਿਚ ਜ਼ਿਕਰ ਕਰਦਿਆਂ ਲਿਖਦੇ ਹਨ;

ਮੱਧਕਾਲੀਨ ਸਮਿਆਂ ਵਿਚ ਪੰਜਾਬ ਵਿਚ ਆਉਣ ਜਾਣ ਦੇ ਸਾਧਨ ਜੋਖ਼ਮ ਭਰੇ ਸਨ। ਕੱਚੇ ਤੇ ਉਭੜੇ— ਖੁਭੜੇ ਰਾਹ, ਕੋਈ ਸੜਕ ਨਹੀਂ, ਨਦੀਆਂ ਨਾਲ਼ੇ ਬਿਨਾਂ ਪੁਲ਼ ਤੋਂ— ਰਾਹੀਂ ਜੰਗਲ ਬੀਆਬਾਨਾਂ ਚੋਂ ਲੰਘਦੇ ਡਰਦੇ ਸਨ— ਲੋਕ ਪੈਦਲ ਸਫਰ ਕਰਦੇ ਸਨ ਜਾਂ ਘੋੜੀਆਂ— ਊਠਾਂ ਦੀ ਸਵਾਰੀ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਬਰਾਤਾਂ ਸੱਜ— ਧੱਜ ਕੇ ਘੋੜੀਆਂ, ਊਠਾਂ ਤੇ ਬੈਲ ਗੱਡੀਆਂ ਤੇ ਸਵਾਰ ਹੋ ਕੇ ਮੁੰਡੇ ਨੂੰ ਵਿਆਹੁਣ ਜਾਂਦੀਆਂ ਸਨ। ਲਾੜੇ ਨੂੰ ਘੋੜੀ ਚੜ੍ਹਾਉਣ ਦੀ ਕੇਂਦਰੀ ਰਸਮ ਹੁੰਦੀ ਸੀ। ਇਸ ਰਸਮ ਸਮੇਂ ਜਿਹੜੇ ਗੀਤ ਗਾਏ ਜਾਂਦੇ ਸਨ ਉਨ੍ਹਾਂ ਦਾ ਨਾਂ ਘੋੜੀ ਦੇ ਨਾਂ ਤੇ ਘੋੜੀਆਂ ਪ੍ਰਚਲਿਤ ਹੋ ਗਿਆ। ਲਾੜੇ ਦੀ ਜੰਞ ਦੀ ਤਿਆਰੀ ਅਤੇ ਜੰਞ ਚੜ੍ਹਨ ਸਮੇਂ ਦੇ ਸ਼ਗਨਾਂ ਵੇਲੇ ਗਾਏ ਜਾਣ ਵਾਲੇ ਗੀਤਾਂ ਨੂੰ ਵੀ ਘੋੜੀਆਂ ਹੀ ਆਖਦੇ ਹਨ। (ਲੇਖਕ— ਸੁਖਦੇਵ ਮਾਦਪੁਰੀ, ਲੇਖ— ਵਿਆਹ ਦੇ ਗੀਤ)

ਇਸੇ ਤਰ੍ਹਾਂ ਕੁੜੀ ਦੇ ਵਿਆਹ ਤੇ ਸੁਹਾਗ ਗਾਏ ਜਾਂਦੇ ਹਨ। ਸੁਹਾਗ ਦਾ ਸ਼ਾਬਦਿਕ ਅਰਥ ਹੁੰਦਾ ਹੈ— ਸਿਰ ਦਾ ਸਾਈਂ, ਮਾਲਕ, ਪਤੀ, ਕੰਤ। ਕੁੜੀ ਨੂੰ ਇਹਨਾਂ ਗੀਤਾਂ ਦਾ ਮਾਧਿਅਮ ਦੁਆਰਾ ਬੁੱਢ— ਸੁਹਾਗਣ ਹੋਣ ਦੀ ਅਸੀਸ ਦਿੱਤੀ ਜਾਂਦੀ ਹੈ ਭਾਵ ਇਹਨਾਂ ਸੁਹਾਗਾਂ ਰਾਹੀਂ ਵਿਆਹ ਵਾਲੀ ਕੁੜੀ ਨੂੰ ਅਸੀਸ ਦਿੱਤੀ ਜਾਂਦੀ ਹੈ ਕਿ ਉਸਦਾ ਆਉਣ ਵਾਲਾ ਵਿਆਹੁਤਾ ਜੀਵਨ ਖੁਸ਼ੀਆਂ ਭਰਿਆ ਹੋਵੇ; ਉਹ ਆਪਣੇ ਸਹੁਰੇ ਘਰ ਸੁਖੀ ਵਸੇ ਅਤੇ ਖੁਸ਼ ਰਹੇ।

ਵਿਆਹ ਮੌਕੇ ਮੁੰਡੇ ਦੀਆਂ ਭੈਣਾਂ (ਕੁੜੀਆਂ) ਆਪਣੇ ਭਰਾ ਦੇ ਪ੍ਰਤੀ ਪ੍ਰੇਮ ਅਤੇ ਅਪੱਣਤ ਨੂੰ ਪ੍ਰਗਟਾਉਣ ਲਈ ਘੋੜੀਆਂ ਗਾਉਂਦੀਆਂ ਹਨ। ਇਹਨਾਂ ਘੋੜੀਆਂ ਵਿਚ ਜਿੱਥੇ ਮੋਹ— ਮੁਹੱਬਤ ਦਾ ਪ੍ਰਗਟਾਵਾ ਹੁੰਦਾ ਹੈ ਉੱਥੇ ਹੀ ਸਖ਼ਤ ਤਾੜਨਾ ਵੀ ਕੀਤੀ ਜਾਂਦੀ ਹੈ ਕਿ

ਡਾ. ਨਿਸ਼ਾਨ ਸਿੰਘ
ਸੰਪਰਕ — 90414-98009.

ਉਹ (ਵਿਆਹ ਵਾਲਾ ਮੁੰਡਾ) ਵਿਆਹ ਤੋਂ ਬਾਅਦ ਵੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਂਦਾ ਰਹੇਗਾ। ਉਹ ਕਦੇ ਵੀ ਆਪਣੀ ਜ਼ਿੰਮੇਵਾਰੀਆਂ ਤੋਂ ਬੇਮੁਖ ਨਹੀਂ ਹੋਵੇਗਾ। ਵਿਆਹ ਵਾਲੇ ਦਿਨ ਘੋੜੀ ਚੜੇ ਆਪਣੇ ਵੀਰ ਨੂੰ ਸੰਬੋਧਨ ਕਰਦਿਆਂ ਭੈਣਾਂ ਕਹਿੰਦੀਆਂ ਹਨ;

ਘੋੜੀ ਅਟਕ ਚਲੇ, ਘੋੜੀ ਮਟਕ ਚਲੇ
ਮੇਰੇ ਲਾਡਲੇ ਦੇ ਮਾਮੇ
ਵੇ ਤੂੰ ਨਾ ਡੋਲੀਂ, ਮਾਂ ਦੇ ਲਾਡਲਿਆ, ਦਮ ਖਰਚਣਗੇ ਤੇਰੇ ਮਾਮੇ
ਸ਼ੋਭਾ ਖੱਟਣਗੇ, ਘੋੜਾ ਬੀੜਣਗੇ, ਵਾਗਾਂ ਮੋੜਨਗੇ ਡੋਲਾ ਲਈ ਵੇ ਘਰਾਂ ਨੂੰ ਆਏ। (ਲੋਕਗੀਤ)

ਵਿਆਹੁਣ ਗਏ ਵੀਰ ਦੀ ਉਡੀਕ ਕਰਦੀਆਂ ਭੈਣਾਂ ਲੋਕਗੀਤਾਂ ਰਾਹੀਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੀਆਂ ਹਨ ਅਤੇ ਚੰਨ ਜਿਹੀ ਸੋਹਣੀ ਭਾਬੀ ਦੀ ਉਡੀਕ ਕਰਦੀਆਂ ਹਨ ਜਿਸ ਦੇ ਆਉਣ ਨਾਲ ਉਹਨਾਂ ਦੇ ਬਾਬਲ ਦਾ ਵਿਹੜਾ ਖੁਸ਼ੀਆਂ ਨਾਲ ਭਰ ਜਾਣਾ ਹੁੰਦਾ ਹੈ;

ਲਾਲ ਵੇ, ਮੈਂ ਖੜੀ ਹਵੇਲੀ ਵੇ
ਲਾਲ ਵੇ, ਤੇਰੇ ਸਾਥੀ ਤੇ ਬੇਲੀ ਵੇ
ਜੇ ਟੁਰ ਚੱਲਿਆ ਉਏ
ਲਾਲ ਵੇ ਮੈਂ ਪਾਈ ਮਧਾਣੀ ਉਏ
ਪੀਣੀ ਸੀ ਲੱਸੀ ਉਏ
ਪੀ ਚੱਲਿਆਂ ਏਂ ਪਾਣੀ ਉਏ।
ਜੇ ਟੁਰ ਚੱਲਿਆ ਉਏ
ਲਾਲ ਵੇ ਮੈਂ ਚੜੀ ਚੁਬਾਰੇ ਵੇ
ਨਰਮੇ ਦਾ ਲੀੜਾ ਉਏ, ਸੋਹਣਿਆ
ਘੁੰਡ ਲੈਂਦਾ ਹੁਲਾਰੇ ਉਏ
ਜੇ ਟੁਰ ਚੱਲਿਆਂ ਵੇ
ਲਾਲ ਵੇ ਮੈਂ ਚੜੀ ਚੁਬਾਰੇ ਵੇ
ਮੁੜ ਕੇ ਨਾ ਵੇਖੀਂ
ਸੋਹਣਿਆ ਗੁਠ ਲਿੰਬਣੀ ਬਨ੍ਹੇਰੇ ਉਏ
ਲਾਲ ਗੁਠ ਲਿਬਣੀ ਬਨ੍ਹੇਰੇ ਉਏ। (ਲੋਕਗੀਤ)

ਦੂਜੇ ਪਾਸੇ, ਸੁਹਾਗ ਗਾਉਂਦਿਆਂ ਕੁੜੀਆਂ ਆਪਣੇ ਬਾਬਲ ਦੇ ਵਿਹੜੇ ਨੂੰ ਛੱਡ ਜਾਣ ਦੇ ਦੁੱਖ ਨੂੰ ਬਿਆਨ ਕਰਦੀਆਂ ਹਨ। ਜਿਸ ਘਰ ਵਿਚ ਜੰਮੀਆਂ ਅਤੇ ਜੁਆਨ ਹੋਈਆਂ ਹੁਣ ਉਹ ਬਾਬਲ ਦਾ ਵਿਹੜਾ ਛੱਡ ਕੇ ਸਹੁਰੇ ਘਰ ਜਾਣ ਦਾ ਗ਼ਮ ਸੁਹਾਗ ਦਾ ਮੁੱਖ ਵਿਸ਼ਾ ਹੁੰਦਾ ਹੈ;

ਹਰੀਏ ਨੀਂ ਰਸ ਭਰੀਏ ਖਜੂਰੇ, ਕਿਨ ਦਿੱਤਾ ਐਡੀ ਦੂਰੇ।
ਬਾਬਲ ਮੇਰਾ ਦੇਸਾਂ ਦਾ ਰਾਜਾ, ਓਸ ਦਿੱਤਾ ਐਡੀ ਦੂਰੇ।
ਮਾਤਾ ਮੇਰੀ ਮਹਿਲਾਂ ਦੀ ਰਾਣੀ, ਦਾਜ ਦਿੱਤਾ ਗੱਡ ਪੂਰੇ।

ਜਿਸ ਵੇਲੇ ਵਿਆਹ ਦੀ ਤਾਰੀਕ ਮਿਥ (ਤੈਅ) ਕਰ ਲਈ ਜਾਂਦੀ ਹੈ ਤਾਂ ਧੀ ਦੇ ਕਾਲਜੇ 'ਚ ਧੂਹ ਪੈਂਦੀ ਹੈ ਅਤੇ ਉਹ ਆਪਣੇ ਬਾਬਲ ਨੂੰ ਸੰਬੋਧਨ ਹੁੰਦਿਆਂ ਆਖਦੀ ਹੈ;

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਵੇ ਜਾਣਾ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ
ਬਾਬਲ ਡੋਲਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ, ਧੀਏ ਘਰ ਜਾ ਆਪਣੇ।
(ਸੁਹਾਗ)

ਸੁਹਾਗ ਅਤੇ ਘੋੜੀਆਂ ਵਿਆਹ ਤੋਂ ਇੱਕੀ ਦਿਨ ਪਹਿਲਾਂ, ਗਿਆਰਾਂ ਦਿਨ ਜਾਂ ਫਿਰ ਸੱਤ ਦਿਨ ਪਹਿਲਾਂ ਕੁੜੀਆਂ ਅਤੇ ਔਰਤਾਂ ਰਲ਼ ਕੇ ਗਾਉਂਦੀਆਂ ਹਨ। ਇਹਨਾਂ ਲੋਕਗੀਤਾਂ ਵਿਚ ਲੰਮੀ ਹੇਕ ਅਤੇ ਸ਼ਬਦਾਂ ਦਾ ਦੁਰਹਾਉ ਹੁੰਦਾ ਹੈ। ਕਈ ਵਾਰ ਕੁਝ ਸ਼ਬਦ ਉਚਾਰਨ ਪੱਖੋਂ ਬਦਲ ਵੀ ਜਾਂਦੇ ਹਨ। ਜਿਵੇਂ— ਨਿਵਿਆਂ ਤੋਂ ਨਿਮਿਆਂ, ਸਾਡੜੇ (ਸਾਡੇ) ਹੁੰਦੜੀ (ਹੁੰਦੀ) ਆਦਿਕ ਸ਼ਬਦ ਵੀ ਵਰਤ ਲਏ ਜਾਂਦੇ ਹਨ। ਅਸਲ ਵਿਚ ਇਹ ਲੋਕਗੀਤ (ਘੋੜੀਆਂ ਅਤੇ ਸੁਹਾਗ) ਬਣਤਰ ਅਤੇ ਉਚਾਰਨ ਦੇ ਪੱਖ ਤੋਂ ਸਰਲ ਅਤੇ ਸਹਿਜ ਹੁੰਦੇ ਹਨ ਅਤੇ ਸਹਿਜੇ ਹੀ ਜ਼ੁਬਾਨ ਤੇ ਚੜ੍ਹ ਜਾਂਦੇ ਹਨ।

ਇਸ ਤਰ੍ਹਾਂ ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਲੋਕਗੀਤ ਸਾਡੀ ਸੱਭਿਆਚਾਰਕ ਪਰੰਪਰਾ ਦੀ ਸਹੀ ਅਰਥਾਂ ਵਿਚ ਤਰਜ਼ਮਾਨੀ ਕਰਦੇ ਹਨ। ਇਹਨਾਂ ਵਿਚ ਸਾਡੇ ਮਨੋਭਾਵਾਂ ਦੀ ਸਹੀ ਅਤੇ ਦਰੁਸਤ ਬਿਆਨੀ ਹੁੰਦੀ ਰਹੀ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਆਖ਼ਰੀ ਸਾਹ ਤੱਕ ਲੋਕਗੀਤ ਨਾਲ- ਨਾਲ ਤੁਰਦੇ ਹਨ। ਜਿੰਨਾ ਚਿਰ ਲੋਕਗੀਤ ਸਾਡੇ ਸਮਾਜ ਵਿਚ ਜਿਉਂਦੇ ਹਨ ਓਨਾ ਚਿਰ ਦੇ ਸੱਭਿਆਚਾਰ ਅਤੇ ਸੰਸਕ੍ਰਿਤੀ ਜਿਉਂਦੀ ਹੈ, ਲੋਕਗੀਤਾਂ ਬਿਨਾਂ ਨਰੋਏ ਸਮਾਜ ਦੀ ਕਲਪਨਾ ਨਿਰੀ ਮੂਰਖ਼ਤਾ ਹੋਵੇਗੀ।

# ਵਿਰਸੇ ਦੇ ਬੋਲ : ਸਦਾ ਬਹਾਰ ਸਭਿਆਚਾਰਕ ਪੌਸ਼ਾਕ 'ਘਗਰਾ'

ਪੰਜਾਬੀ ਪਹਿਰਾਵਾ ਸਭਿਆਚਾਰ ਵਿਚ ਨਾਰੀ ਸ਼ਖ਼ਸੀਅਤ ਦੀ ਸੁੰਦਰ ਦਿਖ ਦੀ ਨਿਸ਼ਾਨਦੇਹੀ ਕਰਦਾ ਹੈ ਘੱਗਰਾ। ਦੁਨੀਆਂ ਵਿਚ ਸਭ ਤੋਂ ਜ਼ਿਆਦਾ ਰੋਅਬਦਾਰ, ਇੱਜ਼ਤਦਾਰ, ਸ਼ਰਮ-ਹਯਾ ਵਿਚ ਸਾਕਾਰ, ਪਵਿੱਤਰ ਅਤੇ ਸਾਧਾਰਣ ਆਕਰਸ਼ਕ ਦਿੱਖ ਦਾ ਪਹਿਰਾਵਾ ਹੈ ਪੰਜਾਬ ਦਾ। ਪੰਜਾਬੀ ਪਹਿਰਾਵਿਆਂ 'ਚੋਂ ਸਾਧਾਰਣ, ਸ਼ਲੀਲ ਅਤੇ ਸੰਵੇਦਨਸ਼ੀਲ ਭੌਤਿਕ, ਦੈਹਿਕ ਸੁੱਖ ਵਾਲਾ ਪਹਿਰਾਵਾ ਆਉਂਦਾ ਹੈ ਘੱਗਰਾ।

ਛੋਟੀਆਂ ਬੱਚੀਆਂ, ਅਲ੍ਹੜ ਉਮਰ (ਕਿਸ਼ੋਰ ਅਵਸਥਾ) ਅਤੇ ਪ੍ਰੋਢ ਅਵਸਥਾ ਤੱਕ ਘੱਗਰਾ ਪੰਜਾਬੀ ਪਹਿਰਾਵੇ ਦੀ ਪ੍ਰਤੀਨਿਧਤਾ ਕਰਦਾ ਹੈ। ਵੈਸੇ ਤਾਂ ਘੱਗਰਾ ਖ਼ੂਬਸੂਰਤ ਸਮਾਗਮਾਂ, ਵਿਆਹ-ਸ਼ਾਦੀਆਂ ਅਤੇ ਜਵਾਨੀ ਦਾ ਬੇਹਤਰੀਨ ਆਕਸਕ ਮਨਮੋਹਨਾ ਤੇਜਸਵੀ ਪ੍ਰਤੀ ਹੈ। ਘੱਗਰੇ ਦੀ ਸੁੰਦਰਤਾ ਉਪਰ ਸਾਹਿਤ ਦੀ ਹਰ ਵਿਧਾ ਵਿਚ ਲਿਖਿਆ ਗਿਆ ਹੈ। ਉਪਮਾਵਾਂ, ਅਲੰਕਾਰਾਂ, ਤਸਬੀਰਾਂ, ਪ੍ਰਤੀਕਾਂ-ਬਿੰਬਾ ਨਾਲ ਘੱਗਰੇ ਦੀ ਵਡਿਆਈ ਅਤੇ ਖ਼ੂਬਸੂਰਤੀ ਨੂੰ ਸ਼ਿੰਗਾਰ-ਰਸ ਵਿਚ ਓਤ-ਪ੍ਰੋਤ ਕਰਦਿਆਂ ਪ੍ਰਸਿੱਧੀ ਅਤੇ ਬੁਲੰਦੀ ਤੱਕ ਪਹੁੰਚਾ ਦਿੱਤਾ ਹੈ। ਘੱਗਰੇ ਦੀ ਘੁਮਾਉਦਾਰ ਬਣਤਰ ਅਤੇ ਰੋਮਾਂਟਿਕ-ਰੋਮਾਂਚਿਤ ਦਿੱਖ ਕਰਕੇ ਇਸ ਦੀਆਂ ਧੁੰਮਾਂ ਅਤੇ ਪ੍ਰਸਿੱਧੀ ਵਿਦੇਸ਼ਾਂ ਤੱਕ ਜਾ ਪਹੁੰਚੀ ਹੈ। ਖ਼ਾਸ ਕਰਕੇ ਫਿਲਮਾਂ ਦੇ ਸ਼ਾਨਦਾਰ ਸਮਾਗਮਾਂ, ਕੱਵਾਲੀਆਂ, ਵਿਆਹ-ਸ਼ਾਦੀਆਂ ਆਦਿ ਵਿਚ ਇਸ ਦੀ ਦਿਲਕਸ਼ ਪੇਸ਼ਗੋਈ ਨੇ ਘੱਗਰੇ ਨੂੰ ਵਿਦੇਸ਼ਾਂ ਤਕ ਪਹੁੰਚਾ ਦਿੱਤਾ ਅਤੇ ਵਿਦੇਸ਼ੀ ਲੋਕਾਂ ਨੇ ਇਸ ਨੂੰ ਆਦਰ-ਸਤਿਕਾਰ ਸਹਿਤ ਆਪਣੇ ਸਭਿਆਚਾਰ ਵਿਚ ਸ਼ਾਮਿਲ ਕਰ ਲਿਆ। ਭਾਰਤ (ਪੰਜਾਬ) ਵਿਚ ਵੀ ਨਹੀਂ ਘੱਗਰੇ ਨੂੰ ਤਰ੍ਹਾਂ-ਤਰ੍ਹਾਂ ਨਾਲ ਡਿਜ਼ਾਇਨ (ਸ਼ਿਲਪ) ਕਰਕੇ ਕੀਮਤੀ ਕਪੜੇ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਭਾਰਤੀਏ ਵਿਹਾਰਕ ਪਰੰਪਰਾਗਤ ਪਹਿਰਾਵਾ ਵਿਸ਼ਵ ਵਿਚ ਮਸ਼ਹੂਰ ਹੋ ਚੁੱਕਾ ਹੈ। ਅਜ ਕਲ੍ਹ ਵਿਦੇਸ਼ਾਂ ਵਿਚ ਵੀ ਵਿਆਹ ਸ਼ਾਦੀਆਂ ਅਤੇ ਮਹੱਤਵ ਪੂਰਨ ਸਮਾਗਮਾਂ ਵਿਚ ਘੱਗਰਾ (ਲਹਿੰਗਾ) ਅਧਿਕਾਧਿਕ ਪਸੰਦ ਕੀਤਾ ਜਾਂਦਾ ਹੈ,

ਘੱਗਰੇ ਦੀ ਗੋਲਾਕਾਰ ਘੁਮਾਊ ਬਣਾਵਟ ਕਸਾਵਟ, ਅਕਾਵਟ, ਨਜ਼ਾਕਤ, ਤੇਜ਼ਸਵੀ ਸੰਵੇਦਨਸ਼ੀਲਤਾ, ਦਿਲ ਖੋਊ ਦਿੱਖ, ਗਰਿੱਮਾ, ਪ੍ਰਭਾਵ, ਲਪਕ, ਕਲਕ, ਨੂਤਨ ਰਚਨਾਤਮਕ ਸ਼ੈਲੀ ਅਤੇ ਦਿਲ ਟੁੰਬਵਾਂ ਯਥਾਰਥ, ਭਾਰਤੀਏ (ਪੰਜਾਬ) ਸੰਸਕ੍ਰਿਤੀ ਦਾ ਮੁਲੱਆਂਕਣ ਕਰਦੇ ਹੋਏ ਨਾਰੀ ਦੀ ਕੋਸ਼ਲਾਂਗਤਾ ਨੂੰ ਸਹਿਚਰੀ ਅਤੇ ਅਨੁਚਰੀ ਬਣਾ ਦਿੰਦਾ ਹੈ, ਖ਼ੂਬਸੂਰਤ ਚਿਹਰੇ ਦੀ ਦਿੱਖ, ਲੰਬੀ ਗੁੱਤ, ਰੰਗਦਾਰ ਫੁੰਮਣਾਂ ਵਾਲਾ ਗੁੰਦਿਆ ਪਰਾਂਦਾ ਅਤੇ ਕਢਾਈਦਾਰ, ਕਸੀਦਾਕਾਰੀ ਵਾਲੀ ਸੰਕੇਤਿਕ ਪ੍ਰਭਾਵੀ ਰੁਮਾਂਟਿਕਦਾਰ, ਮਰਮ ਸਪਰਸ਼ੀ ਕੁੜਤੀ, ਪੂਛਲਦਾਰ ਡੋਰੇ ਦੀ ਖਿੱਚ ਵਾਲਾ ਕਜਲਾ (ਸੁਰਮਾ), ਬੋਸਕੀ ਵਾਲਾ ਕਪੜਾ, ਲਹਿਰਾਂਦਾ ਮੇਚਦਾਰ ਸੱਤਰੰਗੀ ਪੀਂਘ ਵਰਗਾ ਡੋਰੀਆ, ਹੱਸ ਦੰਦਾਂ ਦੀ ਪ੍ਰੀਤ, ਗਹਿਣਿਆਂ ਦਾ ਜੱਚਣਾ, ਜੜਾਊਦਾਰ ਗਾਨੀ, ਅਲਸੀ ਦੇ ਫੁੱਲ ਜਿਹੀ ਕਿਰਮਚੀ, ਨਾਰੰਗੀ, ਪਿਆਜੀ ਜੀ ਸੂਹੀ, ਧੂਹ ਪਾਉਣ ਵਾਲੀ ਤੰਗ ਕੁੜਤੀ ਅਤੇ ਮੇਚਦਾਰ ਜਚਦਾ ਧੁੰਨੀ ਹੇਠ ਕਸਾਵਟਦਾਰ ਘੱਗਰਾ ਲੋਹੜੇ ਦਾ ਕਹਿਰ ਢਾਹ ਦਿੰਦਾ ਹੈ। ਕਿਸੇ ਕਵੀ ਨੇ ਕਿਹਾ ਹੈ - ਤੇਰੀ ਘੱਗਰੀ ਬਰਾਨੀ ਖੇਤੀ, ਸੁੱਥਣਾ ਨੂੰ ਪੈਣ ਮਾਮਲੇ ਅਤੇ ਰੰਨੇ ਚੱਜ ਨਹੀਂ ਵੱਸਣ ਦੇ ਤੇਰੇ, ਘੱਗਰੇ ਤੇ ਪਾਵੇਂ ਬੂਟੀਆਂ ਅਤੇ ਘੱਗਰੀਏ ਸੂਫਦੀਏ ਤੈਨੂੰ ਜੇਠ ਮਰੇ ਤੇ ਪਾਵਾਂ ਅਤੇ ਆਰਾ-ਆਰਾ-ਆਰਾ, ਸ਼ੈਲ ਗੁਲਾਬੀ ਘੱਗਰਾ, ਵਿਚ ਸੱਪ ਦੇ ਬੱਚੇ ਦਾ ਨਾਲਾ, ਮਿਤਰਾਂ ਨੂੰ ਮਾਰ ਗਈ ਨੀ ਤੇਰੀ ਲਾਲ ਘੱਗਰੀ, ਪਿੰਡ ਦਿਆਂ ਲੰਬੜਦਾਰਾਂ ਪਾਉਣਾ ਈ ਮੈਂ ਲਾਲ ਘੱਗਰਾ ਆਦਿ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਪੰਜਾਬੀ, ਹਿੰਦੀ, ਉਰਦੂ, ਰਾਜਸਥਾਨੀ, ਹਰਿਆਣਵੀ, ਹਿਮਾਚਲੀ, ਡੋਗਰੀਆਦਿ ਭਾਸ਼ਾਵਾਂ ਦੇ ਕਵੀਆਂ ਲੇਖਕਾਂ ਨੇ ਇਸ ਦਾ ਜ਼ਿਕਰ ਪ੍ਰਤੀਕਾ, ਬਿੰਬਾ ਅਤੇ ਵੱਖ-ਵੱਖ ਵਿਧਾਵਾਂ ਵਿਚ ਦੁਨਿਆਵੀ ਤੌਰ 'ਤੇ ਖੁੱਲ੍ਹ ਕੇ ਕੀਤਾ ਹੈ।

ਘੱਗਰੇ ਦੇ ਪ੍ਰੇਮ ਆਦਰ ਭਾਵ ਦੇ ਸ਼ਬਦ, ਗੀਤ, ਬੋਲ, ਬੋਲੀਆਂ, ਟੱਪੇ ਆਦਿ ਨੂੰ ਲਾਲਿਤਯ ਅਤੇ ਮਿਠਾਸ ਪ੍ਰਦਾਨ ਕਰਦੇ ਹਨ, ਵਿਆਹ-ਸ਼ਾਦੀਆਂ ਦੇ ਸੰਖੇਪਕਰਣ ਨਾਲ ਪਰੰਪਰਾਵਾਂ ਅਤੇ ਗੀਤਾਂ ਨੂੰ ਬਲ ਮਿਲਦਾ ਹੈ। ਘਗਰੇ ਉਪਰ ਆਂਚਲਿਕ ਬੋਲੀਆਂ ਭਾਸ਼ਾਂ ਨੂੰ ਜਿੱਥੇ ਅਮਰ ਕਰਦੀਆਂ ਹਨ ਉਥੇ ਸੰਪੁਸ਼ਟੀ ਵੀ ਕਰਦੀਆਂ ਹਨ।

ਪ੍ਰਾਚੀਨ ਇਤਿਹਾਸ ਵੱਲ ਝਾਤ ਮਾਰੀਏ ਤਾਂ ਘੱਗਰਾ ਪਹਿਰਾਵਾ ਮਹਾਂਭਾਰਤ, ਰਾਮਾਇਣ ਅਤੇ ਹੋਰ ਗ੍ਰੰਥਾਂ ਵਿਚ ਵੀ ਮਿਲਦਾ ਹੈ। ਮਹਾਨ ਕਵੀ ਕਾਲੀਦਾਸ ਨੇ ਔਰਤ ਦੇ ਹਰ ਅੰਗ-ਹਰ ਪਹਿਰਾਵੇ ਦੀ ਉਪਮਾਵਾਂ ਸਹਿਤ ਤਾਰੀਫ਼ ਕੀਤੀ ਹੈ। ਘੱਗਰਾ-ਚੋਲੀ (ਲਹਿੰਗਾ-ਚੋਲੀ) ਅਤੇ ਜਾਂ ਸਥਾਨੀਏ ਰੂਪ ਵਿਚ ਚੋਲੀ ਦੇ ਰੂਪ ਵਿਚ ਵੀ ਜਾਣਿਆਂ ਜਾਂਦਾ ਹੈ। ਭਾਰਤੀਏ ਉਪਮਹਾਂਦੀਪ ਦੀਆਂ ਮਹਿਲਾਵਾਂ ਦੇ ਲਈ ਇਕ ਪ੍ਰਕਾਰ ਦਾ ਜਾਤੀਏ ਵਸਤਰ ਹੈ। ਵਿਸ਼ੇਸ਼ ਰੂਪ ਵਿਚ ਪੰਜਾਬ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਹਿਮਾਚਲ, ਉਤਰਾ ਖੰਡ, ਜੰਮੂ-ਕਸ਼ਮੀਰ ਅਤੇ ਸਿੰਧ ਦੇ ਪਾਕਿਸਤਾਨੀ ਪ੍ਰਾਤਾਂ ਵਿਚ ਇਸ ਦੀ ਹੋਂਦ ਪ੍ਰਚਲਿਤ ਹੈ।

ਪੰਜਾਬ ਵਿਚ ਪਾਰੰਪਰਿਕ ਰੂਪ ਵਿਚ ਘੱਗਰਾ (ਲਹਿੰਗਾ) ਕੁੜਤੀ ਦੇ ਨਾਲ ਹੀ ਪਹਿਨਿਆ ਜਾਂਦਾ ਹੈ। ਘੱਗਰਾ ਅਤੇ ਕੁੜਤੀ (ਬਲਾਊਜ) ਦਾ ਇਕ ਸੰਯੋਜਨ ਹੈ। ਹਾਲਾਂ ਕਿ ਸਮਕਾਲੀਨ ਅਤੇ ਆਧੁਨਿਕ ਉਪਯੋਗ ਵਿਚ ਘੱਗਰਾ-ਕੁੜਤੀ ਦੱਖਣ ਏਸ਼ੀਆ ਵਿਚ ਫੈਸ਼ਨ ਡਿਜਾਇਨਰਾਂ, ਟਰੇਡ ਸੈਂਟਰਸ ਅਤੇ ਬੁਟਿਕ ਦੁਆਰਾ ਅਧਿਕ ਲੋਕ ਪ੍ਰਿਯ (ਲੋਕ-ਪਸੰਦ) ਅਤੇ ਵਪਾਰਕ ਰੂਪ ਵਿਚ ਸਵੀਕ੍ਰਿਤ ਸ਼ਬਦ ਹੈ ਕਿਉਂਕਿ ਇਕ ਤਿੰਨ ਟੁਕੜਾ ਪੋਸ਼ਾਕ ਹੈ। ਕਮਰ ਤਕ ਸੁਰਖਿਅਤ ਅਤੇ ਮਿਡ-ਰਿਫ ਲੰਗੇ ਛੜਕੇ।

ਘੱਗਰਾ (ਲਹਿੰਗਾ-ਚੋਲੀ) ਆਮ ਅਤੇ ਖ਼ਾਸ ਤੌਰ 'ਤੇ ਕੀਮਤੀ ਦਰ ਕੀਮਤੀ ਕਸ਼ੀਦਾਕਾਰੀ ਮੁਦਰਿਤ ਅਲੰਕ੍ਰਿਤ ਹੈ। ਘੱਗਰਾ 10ਵੀਂ ਸ਼ਤਾਬਦੀ ਦੇ ਦੌਰਾਨ ਮੁੱਖ ਰੂਪ ਵਿਚ ਉਤਰ ਭਾਰਤ ਵਿਚ, ਮਹਿਲਾਵਾਂ ਦੇ ਵਿਚ ਪੋਸ਼ਾਕ ਦੇ ਰੂਪ ਵਿਚ ਪ੍ਰਸਿੱਧ ਅਤੇ ਮਨਪਸੰਦਾ ਹੋ ਗਿਆ। ਵੇਖਿਆ ਜਾਵੇ ਤਾਂ ਘੱਗਰਾ ਭਾਰਤ ਵਿਚ ਮੁਗਲਾਂ ਦੇ ਆਗਮਨ ਅਤੇ 12ਵੀਂ ਅਤੇ 18ਵੀਂ ਸ਼ਤਾਬਦੀ ਤੱਕ ਅਤੇ ਉਸ ਦੇ ਬਾਅਦ ਦੇ ਸ਼ਾਸਨ ਕਾਲ ਦੇ ਨਾਲ ਉਤਕ੍ਰਿਸ਼ਟ ਸ਼ਿਲਪ ਕੌਸ਼ਲ ਦੇ ਜਰੀਏ ਨਾਲ ਵਿਕਸਿਤ ਹੋਇਆ। ਘੱਗਰੇ ਦਾ ਮੂਲ, ਪ੍ਰਾਚੀਨ ਰੂਪ, ਮੁੱਖ ਤੌਰ 'ਤੇ ਕਪਾਹ ਨਾਲ ਕੀਤਾ ਗਿਆ ਹੈ। ਜਿਸ ਦੇ ਬਾਅਦ ਰੇਸ਼ਮ ਅਤੇ ਬ੍ਰਿਕੇਡ ਵਰਗੇ ਸ਼ਾਹੀ ਕਪੜੇ ਅਤੇ ਕੀਮਤੀ ਕਢਾਈ ਦਾ ਉਪਯੋਗ ਕੀਤਾ ਗਿਆ। ਜਿੱਥੇ ਅੱਗੇ ਜਾ ਕੇ ਘੱਗਰਾ ਸ਼ਾਹੀ ਪੋਸ਼ਾਕ ਵਿਚ ਵਿਕਸਿਤ ਹੋ ਗਿਆ। ਇਹ ਚੁਨਰਕਾਰ ਅਤੇ ਵੱਡੇ ਘੇਰੇ ਵਾਲਾ ਪਹਿਰਾਵਾ ਜਿਸ ਨੂੰ ਔਰਤਾਂ ਕਮਰ 'ਤੇ ਬੰਨਦੀਆਂ ਹਨ। ਇਸ ਨਾਲ ਕਮਰ ਤੋਂ ਅੱਡੀ ਤੱਕ ਦੇ ਅੰਗ ਢੱਕੇ ਰਹਿੰਦੇ ਹਨ।

ਸਿੱਖ ਇਤਿਹਾਸ ਵੱਲ ਜੇ ਝਾਤੀ ਮਾਰੀਏ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿਕਲੰਗਰ ਦਾ ਨਾਮ ਪ੍ਰਚਲਿਤ ਹੋਇਆ। ਵਿਸ਼ੇਸ਼ ਤੌਰ 'ਤੇ ਸਿਕਲੀਗਰ ਲੋਕ ਘੱਗਰਾ ਅਤੇ ਚੋਲੀ ਪਹਿਣਦੇ ਸਨ। ਪੰਜਾਬ ਦਾ ਅਧਿਕਾਰਿਤ ਖੇਤਰ ਉਦੋਂ ਬਹੁਤ ਵਿਸ਼ਾਲ ਹੁੰਦਾ ਸੀ। ਸਿਕਲੀਗਰ ਦਾ ਸ਼ਿਲਪਗਰ ਭਾਵ ਕਿ ਸਿਕਲੀ ਕਰਨ ਵਾਲਾ ਕਾਰੀਗਰ, ਹਥਿਆਰ ਤੇਜ਼ ਕਰਨ ਵਾਲਾ ਅਤੇ ਉਨ੍ਹਾਂ ਵਿਚ ਚਮਕ ਪੈਦਾ ਕਰਨ ਵਾਲਾ ਕਾਰੀਗਰ। ਲੋਹੇ ਦੇ ਔਜਾਰ ਬਣਾਉਣ ਵਾਲੇ। ਮਿਲਪੀਗਰ ਅਨੇਕਾਂ ਸ੍ਰੇਣੀਆਂ ਵਿਚ ਸਨ ਪਰ ਇਹ ਲੋਕ ਘੱਗਰਾ ਹੀ ਪਹਿਣਦੇ ਸਨ ਖਾਸ ਕਰਕੇ ਔਰਤਾਂ ਮਿਲਣੀਗਰ ਔਰਤਾਂ ਪਰੰਪਰਾਵਾਦੀ ਰੀਤਿ ਰਹੁ ਰਿਵਾਜ ਮੁਤਾਬਿਕ ਅੱਜ ਵੀ ਘੱਗਰਾ ਚੋਲੀ ਪਹਿਨਦੇ ਹਨ। ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ, ਜਹਾਂਗੀਰ ਦੇ ਸਮੇਂ ਘੱਗਰਾ ਪ੍ਰਚਲਿਤ



ਸੀ ਪਰ ਸਿਲਦੀਗਰ ਲੋਕ ਜ਼ਿਆਦਾ ਪਹਿਣਦੇ ਹਨ। ਇਨ੍ਹਾਂ ਲੋਕਾਂ 'ਤੇ ਘੱਗਰਾ ਚੋਲੀ ਦੀ ਆਮਦ ਅੱਗੇ ਵਧੀ। ਲੰਬੜਦਾਰਾਂ ਲੈਂਦਾ ਈ ਮੈਂ ਲਾਲ ਘੱਗਰਾ ਦੇ ਸ਼ਬਦਾਂ ਵਿਚ ਇਕ ਦੰਪਤੀ ਨਿੱਘ, ਲਲਕ ਹੈ, ਚੂਕ ਹੈ, ਫਰਿਆਦ ਹੈ, ਅਪਣਤਵ ਹੈ, ਪਿਆਰ ਦੀ ਇਕ ਅਟੁੱਟ ਬੇਜੋੜ ਸੱਚਾਈ ਹੈ। ਲੰਬੜਦਾਰ ਸ਼ਬਦ ਇੱਕ ਜੁੰਮੇਵਾਰੀ ਦਾ ਨਾਮ, ਸਤਿਕਾਰ, ਪਿਆਰ ਅਤੇ ਮੁਖੀਆ ਦੀ ਜਿੰਮੇਦਾਰੀ। ਇਲਾਕੇ ਦੀ ਗੌਰਵਮਈ ਕਿਰਿਆ ਦਾ ਨਾਮ ਹੈ, ਘੱਗਰਾ ਪ੍ਰਤੀਕ ਹੈ ਖ਼ੂਬਸੂਰਤੀ ਦਾ। ਜੁੰਮੇਵਾਰੀ ਨੂੰ ਨੀਅਤ, ਨੀਤੀ ਅਤੇ ਸੁਹਿਰਦਤਾ ਨਾਲ ਪਾਲਣਾ ਕਰਨ ਦਾ ਨਾਮ ਹੈ। ਲੰਬੜਦਾਰ ਅਤੇ ਘੱਗਰਾ ਦੋਵੇਂ ਸ਼ਬਦ ਇਕ ਹੀ ਸਮੇਂ ਦੀ ਦੇਣ ਹਨ। ਫਿਰ ਦੋਵੇਂ ਸ਼ਬਦ ਮੁੱਢਕਦੀਮ ਦੀ ਉਪਜ 'ਚੋਂ ਨਿਕਲ ਕੇ ਆਧੁਨਿਕਤਾ ਦੀ ਵਿਰਾਸਤ ਵਿਚ ਸ਼ਾਮਿਲ ਹੋ ਗਏ। ਸਭਿਆਚਾਰ ਨੂੰ ਮਹਾਨਤਾ ਅਤੇ ਵਿਸ਼ਸਟਤਾ ਪ੍ਰਦਾਨ ਕਰਨ ਵਿਚ ਨਾਰੀ ਦਾ ਵਿਸ਼ੇਸ਼ ਯੋਗਦਾਨ ਹੈ, ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਚਕਾਂਚੌਂਧ ਦੇ ਚਲਦੇ ਹੋਏ ਭਾਰਤੀ ਨਾਰੀ ਦੇ ਹਿਰਦੇ ਵਿਚ ਨਿਮਰਤਾ, ਸੰਗਾਉ ਪਰ ਵਿਰਤੀ ਅਤੇ ਆਪਣੀ ਮਿੱਟੀ ਦੇ ਸਤਿਕਾਰ ਦੇ ਚਿੰਨ੍ਹ ਅਜੇ ਵੀ ਮੌਜੂਦ ਹਨ। ਆਧੁਨਿਕ ਰਾਹਾਂ ਵਿਚ ਨਾਰੀ-ਸਭਾਵਿਕ ਰੂਪ ਵਿਚ ਅਧਿਕ ਸਮਰੱਥ, ਕੁਸ਼ਲ, ਸੰਸਕ੍ਰਿਤੀ, ਸੁਸਿਖਿਅਤ, ਆਤਮ ਨਿਰਭਰ ਅਤੇ ਕਲਾ ਪ੍ਰਵੀਨ, ਸਹਿਚਰੀ, ਅਨੁਚਰੀ ਹੀ ਨਹੀਂ ਬਲਕਿ ਸਮਝ-ਸੂਝ-ਬੂਝ ਅਤੇ ਵਿਰੋਧਭਾਸ ਦਾ ਸਾਹਮਣਾ ਕਰਨ ਦੇ ਸਮਰੱਥ ਹੈ ਜਿਸ ਦੀ ਬਦੌਲਤ ਪ੍ਰਾਚੀਨ ਪੰਜਾਬੀ ਸਭਿਆਚਾਰ ਦੀ ਝਲਕ ਹੋਂਦ ਬਣੀ ਹੋਈ ਹੈ।

# ਫੈਸਲੇ ਲੈਣ ਦੀ ਯੋਗਤਾ ਦਾ ਵਿਕਾਸ ਕਰਨਾ ਸਫਲ ਜੀਵਨ ਦੀ ਕੁੰਜੀ ਹੈ

ਗਲੋਬਲ ਪੱਧਰ @ਤੇ ਫੈਸਲਾ ਲੈਣਾ ਇਕ ਅਜਿਹੀ ਗਤੀਵਿਧੀ ਹੈ ਜੋ ਲਗਭਗ ਹਰ ਵਿਅਕਤੀ ਦੇ ਜੀਵਨ ਵਿਚ ਆਉਂਦੀ ਹੈ। ਚਾਹੇ ਉਹ ਉੱਚਤਮ ਸਿਖਰ @ਤੇ ਬੈਠਾ ਉੱਚਤਮ ਬੌਧਿਕ ਯੋਗਤਾ ਵਾਲਾ ਵਿਅਕਤੀ ਹੋਵੇ ਜਾਂ ਅੰਤ @ਤੇ ਆਖਰੀ ਕਤਾਰ ਵਿਚ ਬੈਠਾ ਕੋਈ ਆਮ ਵਿਅਕਤੀ !! ਹਾਲਾਂਕਿ, ਇਸਦਾ ਅਪਵਾਦ ਮਾਨਸਿਕ ਤੌਰ @ਤੇ ਬਿਮਾਰ ਵਿਅਕਤੀ ਹੈ। ਇਹ ਰੇਖਾਂਕਿਤ ਕਰਨ ਯੋਗ ਹੈ ਕਿ ਵਿਅਕਤੀਗਤ, ਜਨਤਕ, ਪ੍ਰਸ਼ਾਸਨਿਕ, ਸਰਕਾਰ, ਪਾਰਟੀ, ਰਾਜਨੀਤਿਕ ਦਿਸ਼ਾ, ਚੋਣਾਂ ਆਦਿ ਸਮੇਤ ਹਰੇਕ ਸੰਸਥਾ ਅਤੇ ਸੰਸਥਾ, ਜਿਸ ਵਿੱਚ ਵਿਅਕਤੀਗਤ, ਜਨਤਕ, ਪ੍ਰਸ਼ਾਸਨਿਕ, ਸਰਕਾਰ, ਪਾਰਟੀ, ਰਾਜਨੀਤਿਕ ਦਿਸ਼ਾ, ਚੋਣਾਂ ਆਦਿ ਸ਼ਾਮਲ ਹਨ, ਆਪਣੇ ਪੱਧਰ @ਤੇ ਹਾਲਾਤ ਅਤੇ ਹਾਲਾਤਾਂ ਅਨੁਸਾਰ ਉਸ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੂੰ ਲਾਜ਼ਮੀ ਤੌਰ @ਤੇ ਇਸ ਕਾਰਵਾਈ ਵਿੱਚ ਸ਼ਾਮਲ ਕਰਨਾ ਹੁੰਦਾ ਹੈ।

ਦੋਸਤੋ, ਜੇਕਰ ਅਸੀਂ ਇਸ ਦੇ ਪਿਛੋਕੜ ਨੂੰ ਸਮਝਣ ਲਈ ਫੈਸਲੇ ਦੀ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਬੁੱਧੀਜੀਵੀਆਂ ਨੇ ਇਸਦੀ ਵਿਆਖਿਆ ਕੀਤੀ ਹੈ ਅਤੇ ਇਹ ਸਿੱਟਾ ਨਿਕਲਦਾ ਹੈ ਕਿ ਫੈਸਲਾ ਕਰਨਾ ਰਚਨਾਤਮਕ, ਮਾਨਸਿਕ, ਬੌਧਿਕ ਅਤੇ ਹੁਨਰ ਦਾ ਕੇਂਦਰ ਬਿੰਦੂ ਹੈ ਜਿੱਥੇ ਗਿਆਨ, ਵਿਚਾਰ, ਭਾਵਨਾ, ਕਲਪਨਾ, ਕਾਰਜ ਨੂੰ ਪੂਰਾ ਕਰਨ ਲਈ ਉਪਲਬਧ ਵਿਕਲਪਾਂ ਦੇ ਨਾਲ ਜਾਂ ਇਸ ਤੋਂ ਬਿਨਾਂ, ਇਸ ਦੇ ਸਹੀ ਅਤੇ ਸਾਕਾਰਾਤਮਕ ਨਤੀਜੇ ਸਾਹਮਣੇ ਆਉਂਦੇ ਹਨ ਭਵਿੱਖ ਵਿੱਚ. ਜਨਤਕ ਫੈਸਲੇ ਅਕਸਰ ਨੀਤੀਆਂ, ਨਿਯਮਾਂ, ਆਦੇਸ਼ਾਂ, ਹਦਾਇਤਾਂ ਦੇ ਰੂਪ ਵਿੱਚ ਪ੍ਰਗਟ ਕੀਤੇ ਜਾਂਦੇ ਹਨ।

ਦੋਸਤੋ, ਜੇਕਰ ਅਸੀਂ ਨਿੱਜੀ ਜੀਵਨ ਦੇ ਫੈਸਲਿਆਂ ਦੀ ਗੱਲ ਕਰੀਏ ਤਾਂ ਲਗਭਗ ਹਰ ਵਿਅਕਤੀ ਦੇ ਜੀਵਨ ਵਿੱਚ ਕਈ ਹਾਲਾਤਾਂ ਵਿੱਚ ਅਜਿਹਾ ਪਲ ਆਉਂਦਾ ਹੈ ਜਦੋਂ ਇਹ ਫੈਸਲਾ ਸਾਡੀ ਜ਼ਿੰਦਗੀ ਦੀ ਦਿਸ਼ਾ ਤੈਅ ਕਰਦਾ ਹੈ, ਇਸ ਲਈ ਸਾਡੇ ਲਈ ਫੈਸਲਾ ਲੈਣ ਦੀ ਸਮਰੱਥਾ ਦਾ ਵਿਕਾਸ ਕਰਨਾ ਜ਼ਰੂਰੀ ਹੈ, ਇਸ ਲਈ ਇਹ ਸਾਡੇ ਲਈ ਜੀਵਨ ਵਿੱਚ ਸਫਲ ਰਹਿਣ ਲਈ ਜ਼ਰੂਰੀ ਹੈ ਕਿਸੇ ਵੀ ਸਮੇਂ ਅਤੇ ਪੱਧਰ @ਤੇ ਫੈਸਲੇ ਲਓ। ਕਿਉਂਕਿ ਲੰਬੇ ਸਮੇਂ ਦੀ ਸਫਲਤਾ ਲਈ ਸਮੇਂ ਸਿਰ ਸਹੀ ਫੈਸਲੇ ਲੈਣੇ ਜ਼ਰੂਰੀ ਹਨ।

ਭਾਵੇਂ ਅਸੀਂ ਬਹੁਤ ਸਾਰੀਆਂ ਗੱਲਾਂ @ਤੇ ਬਹੁਤ ਸਾਰੇ ਨਜ਼ਦੀਕੀਆਂ ਨਾਲ ਸਲਾਹ-ਮਸ਼ਵਰਾ ਕਰਦੇ ਹਾਂ, ਪਰ ਖੁਦ ਫੈਸਲੇ ਲੈਣਾ ਸਮੇਂ ਦੀ ਲੋੜ ਹੈ ਕਿਉਂਕਿ ਆਤਮ-ਵਿਸ਼ਵਾਸ ਨਾਲ ਭਵਿੱਖ ਲਈ ਵੱਡੇ ਫੈਸਲੇ ਲੈਣ ਲਈ, ਸਾਨੂੰ ਫੈਸਲਾ ਲੈਣ ਦੀ ਸਮਰੱਥਾ ਨੂੰ ਵਿਕਸਤ ਕਰਨ @ਤੇ ਧਿਆਨ ਦੇਣਾ ਹੋਵੇਗਾ ਅਤੇ ਹੇਠ ਲਿਖੀਆਂ ਗੱਲਾਂ @ਤੇ ਧਿਆਨ ਦੇਣਾ ਹੋਵੇਗਾ (1) ਟੀਚਾ ਨਿਰਧਾਰਤ ਕਰਨਾ (2) ਵਿਕਲਪਾਂ ਦਾ ਨਿਰਧਾਰਨ (4) ਸਮੱਸਿਆਵਾਂ ਦਾ ਵਿਸ਼ਲੇਸ਼ਣ ਅਤੇ ਉਪਲਬਧ ਜਾਣਕਾਰੀ ਦਾ ਅਧਿਐਨ (5) ਜੋਖਮਾਂ ਦੀ ਪਛਾਣ ਕਰਨ ਵਾਲੇ ਸਾਰੇ ਤੱਥਾਂ ਦੀ ਪਛਾਣ (5) ਨਿਰਣਾਇਕ ਤੱਥਾਂ ਦੀ ਪਛਾਣ ਕਰਨਾ (8) ਸਮੇਂ ਦੀ ਮੰਗ (9) ਦੂਰ-ਅੰਦੇਸ਼ੀ ਨਤੀਜਾ (10) ਫੈਸਲੇ ਦੇ ਵਿਸ਼ੇ ਨਾਲ ਸਬੰਧਤ ਸਮੇਂ-ਸਮੇਂ ਦੀਆਂ ਘਟਨਾਵਾਂ ਦੀ ਪੂਰਵ-ਅਨੁਮਾਨ ਸਮੇਤ ਬਹੁਤ ਸਾਰੇ ਕਾਰਕ ਹਨ, ਇੱਕ ਨਜ਼ਰ ਜਿਸ ਨਾਲ ਫੈਸਲਾ ਲੈਣ ਦੀ ਸਮਰੱਥਾ ਵਿੱਚ ਵਿਕਾਸ ਹੋ ਸਕਦਾ ਹੈ ਅਤੇ ਫੈਸਲਾ ਲੈਣ ਵਿੱਚ ਆਸਾਨੀ ਹੋ ਸਕਦੀ ਹੈ।

ਦੋਸਤੋ, ਜੇਕਰ ਅਸੀਂ ਫੈਸਲਿਆਂ ਵਿੱਚ ਭਾਵਨਾਤਮਕਤਾ ਅਤੇ ਬੇਅਰਾਮੀ ਦੀ ਗੱਲ ਕਰੀਏ ਤਾਂ ਅਸੀਂ ਜੋ ਵੀ ਕੰਮ ਕਰਦੇ ਹਾਂ, ਉਸ ਵਿੱਚ ਸਾਡੀਆਂ ਭਾਵਨਾਵਾਂ ਦੀ ਅਹਿਮ ਭੂਮਿਕਾ ਹੁੰਦੀ ਹੈ, ਇਸ ਲਈ ਕੋਈ ਵੀ ਫੈਸਲਾ ਲੈਂਦੇ ਸਮੇਂ ਆਪਣੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਾ ਕਰੋ।ਜੇਕਰ ਤੁਸੀਂ ਬਹੁਤ ਭਾਵੁਕ ਹੋ ਰਹੇ ਹੋ ਤਾਂ ਉਸ ਸਮੇਂ ਕੋਈ ਵੀ ਫੈਸਲਾ ਲੈਣ ਤੋਂ ਬਚੋ। ਫੈਸਲੇ ਲੈਣ ਨੂੰ ਕੁਝ ਸਮੇਂ ਲਈ ਟਾਲ ਦਿਓ ਅਕਸਰ ਅਸੀਂ ਭਾਵਨਾਵਾਂ ਦੇ ਕਾਰਨ ਗਲਤ ਫੈਸਲੇ ਲੈ ਲੈਂਦੇ ਹਾਂ।ਅਜਿਹਾ ਕਰਨ ਤੋਂ ਬਚੋ। ਜਦੋਂ ਤੁਸੀਂ ਭਾਵਨਾਤਮਕ ਤੌਰ @ਤੇ ਸੰਤੁਲਿਤ ਮਹਿਸੂਸ ਕਰਦੇ ਹੋ ਤਾਂ ਹੀ ਠੰਡੇ ਸਿਰ ਅਤੇ ਸ਼ਾਂਤ ਦਿਮਾਗ ਨਾਲ ਫੈਸਲੇ ਲਓ। ਅਜਿਹਾ ਕਰਨ ਨਾਲ ਤੁਹਾਡੇ ਫੈਸਲਿਆਂ ਦੇ ਗਲਤ ਸਾਬਤ ਹੋਣ ਦੀ ਸੰਭਾਵਨਾ ਘੱਟ ਜਾਵੇਗੀ।

ਦੋਸਤੋ, ਜੇਕਰ ਤੁਸੀਂ ਕੋਈ ਫੈਸਲਾ ਲੈਂਦੇ ਸਮੇਂ ਅਸਹਿਜ ਮਹਿਸੂਸ ਕਰ ਰਹੇ ਹੋ, ਤਾਂ ਉਹ ਫੈਸਲਾ ਨਾ ਲਓ। ਕੋਈ ਵੀ ਫੈਸਲਾ ਲੈਣਾ ਮਾਨਸਿਕ ਅਤੇ

ਐਡਵੋਕੇਟ ਕਿਸ਼ਨ ਸਨਮੁਖਦਾਸ
ਭਵਨਾਨੀਨ ਗੋਂਡੀਆ ਮਹਾਰਾਸ਼ਟਰ
9284141425

ਸਰੀਰਕ ਤੌਰ @ਤੇ ਥਕਾ ਦੇਣ ਵਾਲਾ ਕੰਮ ਹੈ। ਇਕੱਲੇ ਇਸ ਕਾਰਨ, ਤੁਸੀਂ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ @ਤੇ ਥਕਾਵਟ ਮਹਿਸੂਸ ਕਰ ਸਕਦੇ ਹੋ। ਜੇਕਰ ਕੋਈ ਚੀਜ਼ ਤੁਹਾਨੂੰ ਪਹਿਲਾਂ ਹੀ ਬਹੁਤ ਪਰੇਸ਼ਾਨ ਕਰ ਰਹੀ ਹੈ ਤਾਂ ਬਿਹਤਰ ਹੋਵੇਗਾ ਕਿ ਤੁਸੀਂ ਆਪਣੇ ਆਪ ਨੂੰ ਇਸ ਦੁਸ਼ਟ ਚੱਕਰ ਵਿੱਚ ਨਾ ਫਸੋ। ਜੇਕਰ ਤੁਸੀਂ ਕਿਸੇ ਵਿਸ਼ੇ ਨੂੰ ਲੈ ਕੇ ਅਸਹਿਜ ਮਹਿਸੂਸ ਕਰ ਰਹੇ ਹੋ ਤਾਂ ਉਸ ਫੈਸਲੇ ਨੂੰ ਕੁਝ ਸਮੇਂ ਲਈ ਟਾਲ ਦਿਓ।

ਦੋਸਤੋ, ਜੇਕਰ ਅਸੀਂ ਫੈਸਲਿਆਂ ਵਿੱਚ ਵਿਕਲਪਾਂ ਅਤੇ ਦ੍ਰਿਸ਼ਟੀਕੋਣਾਂ ਦੀ ਗੱਲ ਕਰਦੇ ਹਾਂ, ਤਾਂ ਜਦੋਂ ਤੁਸੀਂ ਕਿਸੇ ਫੈਸਲੇ @ਤੇ ਪਹੁੰਚਦੇ ਹੋ ਤਾਂ ਤੁਹਾਡੇ ਕੋਲ ਦੋ ਤਰ੍ਹਾਂ ਦੇ ਵਿਕਲਪ ਹੋਣੇ ਚਾਹੀਦੇ ਹਨ। ਜੇਕਰ ਇੱਕ ਵਿਕਲਪ ਸਫਲ ਨਹੀਂ ਹੁੰਦਾ ਹੈ ਤਾਂ ਤੁਸੀਂ ਦੂਜੇ ਵਿਕਲਪ @ਤੇ ਵਿਚਾਰ ਕਰ ਸਕਦੇ ਹੋ। ਇਹ ਤਾਂ ਹੀ ਹੋਵੇਗਾ ਜੇਕਰ ਤੁਸੀਂ ਆਪਣੇ ਮਨ ਨੂੰ ਖੁੱਲ੍ਹਾ ਰੱਖੋ ਅਤੇ ਹਰ ਵਿਚਾਰ ਨੂੰ ਵਿਚਾਰੋ। ਇਸ ਦੇ ਨਾਲ ਹੀ ਆਪਣੇ ਆਪ @ਤੇ ਭਰੋਸਾ ਕਰਨਾ ਵੀ ਸਿੱਖੋ। ਅਮਰੀਕੀ ਅਧਿਐਨਾਂ ਅਨੁਸਾਰ ਫੈਸਲਾ ਲੈਣ ਦੀ ਸਮਰੱਥਾ ਉਦੋਂ ਹੀ ਵਿਕਸਿਤ ਹੋ ਸਕਦੀ ਹੈ ਜਦੋਂ ਵਿਅਕਤੀ ਨੂੰ ਆਪਣੇ ਆਪ @ਤੇ ਭਰੋਸਾ ਹੋਵੇ। ਜੇਕਰ ਤੁਸੀਂ ਆਤਮ-ਵਿਸ਼ਵਾਸ ਨਾਲ ਭਰੇ ਰਹਿੰਦੇ ਹੋ, ਤਾਂ ਤੁਸੀਂ ਭਵਿੱਖ ਲਈ ਵੱਡੇ ਫੈਸਲੇ ਲੈ ਸਕਦੇ ਹੋ, ਇਸ ਲਈ, ਜੇਕਰ ਅਸੀਂ ਆਪਣੇ ਦ੍ਰਿਸ਼ਟੀਕੋਣ ਵੱਲ ਧਿਆਨ ਦੇਈਏ, ਤਾਂ ਤੁਸੀਂ ਨਾ ਸਿਰਫ ਤਣਾਅ ਤੋਂ ਬਾਹਰ ਨਿਕਲ ਸਕੋਗੇ, ਸਗੋਂ ਦੂਜਿਆਂ ਦੇ ਵਿਚਾਰਾਂ ਨੂੰ ਵੀ ਬਦਲ ਸਕੋਗੇ। ਵਾਸਤਵ ਵਿੱਚ, ਜਦੋਂ ਤੱਕ ਤੁਸੀਂ ਆਪਣੇ ਖੁਦ ਦੇ ਦ੍ਰਿਸ਼ਟੀਕੋਣ ਵੱਲ ਧਿਆਨ ਨਹੀਂ ਦਿੰਦੇ ਹੋ, ਤੁਸੀਂ ਹਮੇਸ਼ਾ ਦੂਜੇ ਲੋਕਾਂ ਦੇ ਵਿਚਾਰਾਂ ਦੁਆਰਾ ਹਾਵੀ ਹੋਵੋਗੇ. ਇਸ ਤਰ੍ਹਾਂ ਤੁਸੀਂ ਇਹ ਨਿਰਣਾ ਨਹੀਂ ਕਰ ਸਕੋਗੇ ਕਿ ਤੁਹਾਡੇ ਲਈ ਕੀ ਸਹੀ ਹੈ ਅਤੇ ਕੀ ਗਲਤ ਹੈ।

ਦੋਸਤੋ, ਜੇਕਰ ਅਸੀਂ ਫੈਸਲਿਆਂ ਅਤੇ ਇਸ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੀ ਗੱਲ ਕਰੀਏ ਤਾਂ ਤੁਹਾਡੇ ਕੋਲ ਲੋੜੀਂਦੀ ਜਾਣਕਾਰੀ ਨਾ ਹੋਣ @ਤੇ ਫੈਸਲੇ ਲੈਣ ਦੀ ਗੁੰਝਲਤਾ ਵਧ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਫੈਸਲਾ ਲੈਣਾ ਇੱਕ ਮੁਸ਼ਕਲ ਕੰਮ ਹੋਵੇਗਾ। ਇਸ ਤੋਂ ਇਲਾਵਾ ਜੇਕਰ ਤੁਹਾਡੇ ਵਿਚਾਰਾਂ @ਚ ਸਥਿਰਤਾ ਨਹੀਂ ਹੈ ਤਾਂ ਕਿਸੇ ਵੀ ਫੈਸਲੇ @ਤੇ ਪਹੁੰਚਣਾ ਮੁਸ਼ਕਿਲ ਹੋਵੇਗਾ। ਜੇਕਰ ਤੁਸੀਂ ਕੰਮ ਕਰਦੇ ਸਮੇਂ ਕਿਸੇ ਸਮੱਸਿਆ @ਤੇ ਨਕਾਰਾਤਮਕ ਵਿਚਾਰਾਂ ਨਾਲ ਘਿਰ ਜਾਂਦੇ ਹੋ, ਤਾਂ ਤੁਹਾਡੀ ਫੈਸਲੇ ਲੈਣ ਦੀ ਸਮਰੱਥਾ @ਤੇ ਵੀ ਅਸਰ ਪਵੇਗਾ। ਇਸ ਲਈ, ਉਹਨਾਂ ਕਾਰਕਾਂ ਵੱਲ ਧਿਆਨ ਦਿਓ ਜੋ ਤੁਹਾਡੀ ਫੈਸਲਾ ਲੈਣ ਦੀ ਸਮਰੱਥਾ ਨੂੰ ਕਮਜ਼ੋਰ ਕਰਦੇ ਹਨ।

ਦੋਸਤੋ, ਫੈਸਲੇ ਲੈਣਾ ਕੋਈ ਆਸਾਨ ਕੰਮ ਨਹੀਂ ਹੈ। ਫੈਸਲਾ ਛੋਟਾ ਹੋਵੇ ਜਾਂ ਵੱਡਾ। ਕਈ ਗੱਲਾਂ ਸਾਡੀ ਫ਼ੈਸਲੇ ਲੈਣ ਦੀ ਯੋਗਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਵਿਲੱਖਣ ਗੱਲ ਇਹ ਹੈ ਕਿ ਅਕਸਰ ਅਸੀਂ ਇਸ ਤੋਂ ਪੂਰੀ ਤਰ੍ਹਾਂ ਅਣਜਾਣ ਹੁੰਦੇ ਹਾਂ। ਇਹ ਸੱਚ ਹੈ ਕਿ ਸਾਡੇ ਹਰ ਫੈਸਲੇ ਦਾ ਸਾਡੀ ਜ਼ਿੰਦਗੀ @ਤੇ ਉਸੇ ਤਰ੍ਹਾਂ ਪ੍ਰਭਾਵ ਨਹੀਂ ਪੈਂਦਾ, ਪਰ ਇਸਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਰੋਜ਼ਾਨਾ ਜੀਵਨ ਵਿਚ ਲਏ ਗਏ ਛੋਟੇ-ਛੋਟੇ ਫੈਸਲਿਆਂ ਪ੍ਰਤੀ ਉਦਾਸੀਨ ਰਵੱਈਆ ਅਪਨਾਉਣ ਲੱਗ ਪਈਏ। ਇਸ ਲਈ, ਹੁਣ ਤੋਂ, ਚਾਹੇ ਤੁਸੀਂ ਖਾਣੇ ਦਾ ਮੇਨੂ ਤੈਅ ਕਰ ਰਹੇ ਹੋ ਜਾਂ ਨੌਕਰੀ ਲਈ ਕਿਸੇ ਹੋਰ ਸ਼ਹਿਰ ਜਾਣ ਦਾ ਫੈਸਲਾ ਕਰ ਰਹੇ ਹੋ, ਗਲਤ ਫੈਸਲਾ ਲੈਣ ਤੋਂ ਬਚਣ ਲਈ ਫੈਸਲਾ ਲੈਂਦੇ ਸਮੇਂ ਕੁਝ ਗੱਲਾਂ ਦਾ ਧਿਆਨ ਰੱਖੋ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਫੈਸਲੇ ਲੈਣ ਦੀ ਯੋਗਤਾ ਦਾ ਵਿਕਾਸ ਕਰਨਾ ਇੱਕ ਸਫਲ ਜੀਵਨ ਦੀ ਕੁੰਜੀ ਹੈ। ਜੀਵਨ ਵਿੱਚ ਸਮੇਂ ਦੇ ਨਾਲ ਅੱਪਡੇਟ ਰਹਿਣਾ ਫੈਸਲਾ ਲੈਣ ਦੀ ਸਮਰੱਥਾ ਨੂੰ ਵਿਕਸਤ ਕਰਨਾ ਆਸਾਨ ਬਣਾਉਂਦਾ ਹੈ ਅਤੇ ਇੱਕ ਸਫਲ ਜੀਵਨ ਲਈ ਸਮੇਂ ਸਿਰ ਸਹੀ ਫੈਸਲੇ ਲੈਣਾ ਮਹੱਤਵਪੂਰਨ ਹੈ। ਆਪਣੇ ਆਪ @ਤੇ ਭਰੋਸਾ ਰੱਖ ਕੇ ਤੁਸੀਂ ਭਵਿੱਖ ਲਈ ਵੱਡੇ ਫੈਸਲੇ ਲੈ ਸਕਦੇ ਹੋ।

# ਕੀ ਹੈ ਮਨੂ ਸਿਮਰਤੀ,ਜਿਸ ਦੀ ਚਰਚਾ ਭਾਰਤ ਭਰ ਦੇ ਰਾਜਨੀਤਕ ਗਲਿਆਰਿਆਂ ਵਿੱਚ ਹੋ ਰਹੀ ਹੈ

ਕੁਝ ਦਿਨ ਪਹਿਲਾਂ ਮਨੂ ਸਿਮਰਤੀ ਨੂੰ ਜਲਾਉਣ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਹੇਠ ਬਨਾਰਸ ਹਿੰਦੂ ਯੂਨੀਵਰਸਿਟੀ ਦੇ 13 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਵੇਲੇ ਮਨੂ ਸਿਮਰਤੀ ਦੇ ਸਮਰਥਕਾਂ ਅਤੇ ਵਿਰੋਧੀਆਂ ਦਰਮਿਆਨ ਜਬਰਦਸਤ ਵਿਵਾਦ ਚਲ ਰਿਹਾ ਹੈ। ਮਨੂ ਸਿਮਰਤੀ ਦਾ ਅਸਲੀ ਨਾਮ ਮਾਨਵ ਧਰਮ ਸ਼ਾਸ਼ਤਰ ਹੈ ਤੇ ਇਹ ਹਿੰਦੂਆਂ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਜਿਵੇਂ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਨਿਆਂਇਕ ਆਦਿ ਨੂੰ ਨਿਯਮਬੱਧ ਕਰਨ ਵਾਲੀ ਇੱਕ ਨਿਯਮਾਂਵਲੀ ਹੈ। ਇਹ ਕਿਸੇ ਇੱਕ ਵਿਅਕਤੀ ਮਨੂ ਦੁਆਰਾ ਲਿਖੀ ਹੋਈ ਨਹੀਂ ਬਲਕਿ ਹੁਣ ਤੱਕ ਵੱਖ ਵੱਖ ਰਿਸ਼ੀਆਂ, ਮੁਨੀਆਂ ਅਤੇ ਕਾਨੂੰਨਦਾਨਾਂ ਦੁਆਰਾ ਲਿਖਤ 50 ਤੋਂ ਵੱਧ ਮਨੂ ਸਿਮਰਤੀਆਂ ਸਾਹਮਣੇ ਆਈਆਂ ਹਨ। ਇਨ੍ਹਾਂ ਸਿਮਰਤੀਆਂ ਵਿੱਚ ਕੋਈ ਜਿਆਦਾ ਸਮਾਨਤਾ ਨਹੀਂ ਹੈ ਤੇ ਕਈਤਾਂ ਇੱਕ ਦੂਸਰੇ ਦੀਆਂ ਵਿਰੋਧੀ ਵੀ ਹਨ। ਪਰ ਬਹੁ ਗਿਣਤੀ ਵਿਦਵਾਨਾਂ ਮੁਤਾਬਕ ਸੰਨ 1801 ਈਸਵੀ ਵਿੱਚ ਕਲਕੱਤਾ ਵਿਖੇ ਮਿਲੀ ਕੁਲਕ ਭੱਟ ਦੁਆਰਾ ਲਿਖਤਕਲਕੱਤਾ ਸਿਮਰਤੀ ਹੀ ਅਸਲੀ ਮਨੂ ਸਿਮਰਤੀ ਹੈਤੇ ਇਸ ਦਾਹੁਣ ਤੱਕ ਸੈਂਕੜੇ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ।ਮਨੂ ਕਿਸੇ ਖਾਸ ਵਿਅਕਤੀ ਦਾ ਨਾਮ ਨਹੀਂ ਹੈ ਤੇ ਇਹ ਵੱਖ ਵੱਖ ਸਮੇਂ 'ਤੇ ਗਿਆਨੀ ਵਿਅਕਤੀਆਂ ਲਈ ਵਰਤਿਆ ਜਾਂਦਾ ਰਿਹਾ ਹੈ। ਪਹਿਲਾ ਮਨੂ ਰਿਸ਼ੀ ਸਵੈਅਮਭੂਸੀ ਜਿਸ ਬਾਰੇ ਮੰਨਿਆਂ ਜਾਂਦਾ ਹੈ ਕਿ ਉਸ ਨੇ ਬਰ੍ਹਮਾ ਦੇਵਤੇ ਤੋਂ ਗਿਆਨ ਹਾਸਲ ਕੀਤਾ ਸੀ। ਇੰਦਰ ਦੇਵਤੇ ਦਾ ਵੀ ਇੱਕ ਨਾਮ ਮਨੂ ਹੈ।

ਕਲਕੱਤਾ ਮਨੂ ਸਿਮਰਤੀਪਹਿਲੀ ਜਾਂ ਦੂਸਰੀ ਸਦੀ ਵਿੱਚ ਲਿਖੀ ਗਈ ਸੀ ਤੇ ਇਸ ਵਿੱਚ ਰਾਜਾ ਅਤੇ ਪਰਜਾ ਦੇ ਕਰਤਵ ਅਤੇ ਹੱਕ, ਫੌਜ਼ਦਾਰੀ, ਦੀਵਾਨੀ, ਅਤੇ ਧਾਰਮਿਕ ਕਾਨੂੰਨ, ਇਨਸਾਨੀ ਕਿਰਦਾਰ ਅਤੇ ਜ਼ਾਤ ਪਾਤ ਦੇ ਸਖਤ ਨਿਯਮਾਂ ਆਦਿ ਦਾ ਵਰਨਣ ਕੀਤਾ ਗਿਆ ਹੈ। ਇਥੇ ਇਹ ਵੀ ਵਰਨਣ ਯੋਗ ਹੈ ਕਿ ਇਸ ਸਿਮਰਤੀ ਦਾ ਜ਼ਾਤ ਪਾਤ ਸਬੰਧੀਹਿੰਦੂ ਸਮਾਜ 'ਤੇ ਪਾਇਆ ਕੱਟੜ ਪ੍ਰਭਾਵ ਭਾਵੇਂ ਅੱਜ ਤੱਕ ਚੱਲ ਰਿਹਾ ਹੈ, ਪਰ ਮੌਰੀਆ ਸਾਮਰਾਜ ਤੋਂ ਲੈ ਕੇ ਭਾਰਤ ਵਿੱਚ ਇਸਲਾਮੀ ਰਾਜ ਕਾਇਮ ਹੋਣ ਤੱਕ ਕਿਸੇ ਵੀ ਹਿੰਦੂ ਰਾਜੇ ਨੇ ਆਪਣੀ ਨਿਆਂ ਪ੍ਰਣਾਲੀ ਇਸ ਦੇ ਅਨੁਸਾਰ ਨਹੀਂ ਸੀ ਚਲਾਈ। ਇਹ ਸੰਸਕ੍ਰਿਤ ਦਾ ਪਹਿਲਾ ਦਸਤਾਵੇਜ਼ ਸੀ ਜਿਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਹੋਇਆ ਸੀ। ਈਸਟ ਇੰਡੀਆ ਕੰਪਨੀ ਨੇ 1776 ਈਸਵੀ ਵਿੱਚ ਇਸ ਦਾ ਅਨੁਵਾਦ ਬ੍ਰਿਟਿਸ਼ ਵਿਦਵਾਨ ਸਰ ਵਿਲੀਅਮ ਜੋਨਜ਼ ਤੋਂ ਕਰਵਾਇਆ ਅਤੇ ਆਪਣੇ ਅਧਿਕਾਰ ਹੇਠਲੇ ਇਲਾਕੇ ਵਿੱਚ ਹਿੰਦੂ ਲਾਅ ਕੋਡ ਨਾਮ ਹੇਠ ਲਾਗੂ ਕੀਤਾ।

ਮਨੂ ਸਿਮਰਤੀ ਨਾਮ ਨਵਾਂ ਲੱਗਦਾ ਹੈ ਕਿਉਂਕਿ ਹੁਣ ਤੱਕ ਖੋਜੀਆਂ ਗਈਆਂਸਿਮਰਤੀਆਂ ਲਈਮਾਨਵ ਧਰਮਸ਼ਾਸ਼ਤਰ ਨਾਮ ਵਰਤਿਆ ਗਿਆ ਹੈ। ਸਰ ਵਿਲੀਅਮ ਜੋਨਜ਼ ਅਤੇ ਕਾਰਲ ਵਿਲਹੈਮ ਫਰੀਡਰਿਕ ਵਰਗੇਕਈ ਭਾਸ਼ਾ ਵਿਗਿਆਨੀਆਂ ਦੇ ਅਨੁਸਾਰ ਮਨੂ ਸਿਮਰਤੀਸੰਨ 1250 ਈਸਾ ਪੂਰਵ ਅਤੇ 1000 ਈਸਾ ਪੂਰਵ ਦੇ ਦਰਮਿਆਨ ਰਚੀ ਗਈ ਸੀ। ਪਰ ਨਵੀਨ ਭਾਸ਼ਾਈ ਖੋਜਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਦੀ ਰਚਨਾ ਪਹਿਲੀ ਜਾਂ ਦੂਸਰੀ ਸ਼ਤਾਬਦੀ ਕੀਤੀ ਗਈ ਸੀ।ਜ਼ੇਮਜ਼ ਉਲੀਵਲ ਵਰਗੇ ਜਿਆਦਾਤਰ ਵਿਦਵਾਨਾਂ ਦਾ ਮੱਤ ਹੈ ਕਿ ਇਸ ਦੀ ਰਚਨਾ ਕਿਸੇ ਇੱਕ ਵਿਅਕਤੀ ਨੇ ਨਹੀਂ ਸੀ ਕੀਤੀ, ਬਲਕਿ ਸਦੀਆਂ ਤੱਕ ਵੱਖ ਵੱਖ ਵਿਦਵਾਨ ਇਸ ਵਿੱਚ ਆਪਣੇ ਵਿਚਾਰ ਸ਼ਾਮਲ ਕਰਦੇ ਰਹੇ।ਪਰਅਸਲੀ ਮੰਨੀ ਜਾਣ ਵਾਲੀ ਕਲਕੱਤਾ ਮਨੂ ਸਿਮਰਤੀ ਕਿਸੇ ਇੱਕ ਵਿਅਕਤੀ ਜਾਂ ਵਿਦਵਾਨਾਂ ਦੀ ਕਿਸੇ ਕਮੇਟੀਦੁਆਰਾ ਰਚੀ ਗਈ ਹੈ। ਇਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ ਸੰਸਾਰ ਦੀ ਉਤਪਤੀ ਸਬੰਧੀ ਹੈ, ਦੂਸਰਾ ਭਾਗ ਧਰਮ ਬਾਰੇ, ਤੀਸਰਾ ਭਾਗ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਦੇ ਅਧਿਕਾਰਾਂ ਤੇ ਕਰਤਵਾਂ ਬਾਰੇ ਤੇ ਚੌਥਾ ਭਾਗ ਕਰਮ ਸਿਧਾਂਤ, ਮੌਤ ਅਤੇ ਪੁਨਰ ਜਨਮ ਬਾਰੇ ਹੈ। ਆਧੁਨਿਕ ਯੁੱਗ ਵਿੱਚ ਇਸ ਦੀਵਿਰੋਧਤਾ ਦਾ ਸਭ ਤੋਂ ਵੱਡਾ ਕਾਰਨ ਇਸ ਦਾ ਤੀਸਰਾ ਭਾਗ ਹੈ ਜਿਸ ਵਿੱਚ ਸ਼ੂਦਰਾਂ ਅਤੇ ਔਰਤਾਂ ਨੂੰ ਜਾਨਵਰਾਂ ਤੋਂ ਵੀ ਬਦਤਰ ਸ਼ਰੇਣੀ ਵਿੱਚ ਰੱਖਿਆ ਗਿਆ ਹੈ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਔਰਤਾਂ ਬਾਰੇ ਲਿਖਿਆ ਗਿਆ ਹੈ ਕਿ ਉਸ ਦੀ ਸ਼ਾਦੀ ਹਰ ਹਾਲਤ ਵਿੱਚ ਮਾਸਕ ਧਰਮ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਜਾਣੀ ਚਾਹੀਦੀ ਹੈ। ਉਸ ਨੂੰ ਸ਼ਾਦੀ ਤੋਂ ਪਹਿਲਾਂ ਪਿਤਾ, ਸ਼ਾਦੀ ਤੋਂ ਬਾਅਦ ਪਤੀ ਅਤੇ ਵਿਧਵਾ ਹੋਣ 'ਤੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਵਿਧਵਾ ਦਾ ਪੁਨਰ ਵਿਵਾਹ ਨਹੀਂ ਹੋ ਸਕਦਾ ਤੇ ਉਸ ਨੂੰ ਬਾਕੀ ਜ਼ਿੰਦਗੀ ਸਫੈਦ ਕੱਪੜੇ ਪਹਿਨਣੇ ਪੈਣਗੇ। ਸ਼ੂਦਰਾਂ ਵਾਸਤੇ ਨਿਯਮ ਉਸ ਤੋਂ ਵੱਧ ਸਖਤ ਹਨ। ਉਹ ਨਾ ਤਾਂ ਕਿਸੇ ਧਰਮ ਸਥਾਨ ਤੇ ਪਾਠਸ਼ਾਲਾ ਅੰਦਰ ਜਾ ਸਕਦੇ ਹਨ ਤੇ ਨਾ ਹੀ ਵੇਦਾਂ ਸ਼ਾਸ਼ਤਰਾਂ ਆਦਿ ਨੂੰ ਛੂਹ, ਸੁਣ ਜਾਂ ਪੜ੍ਹ ਸਕਦੇ ਹਨ। ਜੇ ਉਹ ਕਿਸੇ ਵੇਦ ਸ਼ਾਸ਼ਤਰ ਨੂੰ ਛੂਹ ਲੈਣ ਤਾਂ ਉਨ੍ਹਾਂ ਦੇ ਹੱਥ ਵੱਢ ਦਿੱਤੇ ਜਾਣੇ ਚਾਹੀਦੇ ਹਨ, ਜੇ ਉਹ ਵੇਦ ਸ਼ਾਸ਼ਤਰਾਂ ਨੂੰ ਸੁਣਦੇ ਹਨ ਤਾਂ ਕੰਨਾਂ ਵਿੱਚ ਤੇ ਜੇ ਵੇਦ ਸ਼ਾਸ਼ਤਰ ਪੜ੍ਹਦੇ ਹਨ ਤਾਂ ਉਨ੍ਹਾਂ ਦੇ ਮੂੰਹ ਵਿੱਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਵੀ ਵਰਣਿਤ ਹੈ ਜਿ ਜੇ ਕਿਸੇ ਉੱਚ ਜਾਤੀ ਵਾਲੇ 'ਤੇ ਸ਼ੂਦਰ ਦਾ ਪ੍ਰਛਾਵਾਂ ਵੀ ਪੈ ਜਾਵੇ ਤਾਂ ਉਸ ਨੂੰ ਦੁਬਾਰਾ ਕਿਸ ਵਿਧੀ ਵਿਧਾਨ ਦੁਆਰਾ ਸ਼ੁੱਧ ਕਰਨਾ ਹੈ। ਸ਼ੂਦਰ ਚਾਹੇ ਕਿੰਨਾ ਵੀ ਵਿਦਵਾਨ ਹੋਵੇ, ਉਹ ਪੂਜਨੀਕ ਨਹੀਂ ਹੋ ਸਕਦਾ।

ਪਰ ਇਸ ਵਿੱਚ ਔਰਤਾਂ ਨੂੰ ਕਾਫੀ ਅਧਿਕਾਰ ਵੀ ਦਿੱਤੇ ਗਏ ਹਨ। ਔਰਤ ਨੂੰ ਹੱਕ ਹੈ ਕਿ ਉਹ ਹਿੰਸਕ, ਨਾਮਰਦ, ਨਿਖੱਟੂ, ਛੱਡ ਕੇ ਫਰਾਰ ਹੋ ਗਏ ਅਤੇ ਅਪਰਾਧ ਕਰਨ ਵਾਲੇ ਪਤੀ ਨੂੰ ਤਲਾਕ ਦੇ ਸਕਦੀ ਹੈ ਤੇ ਦੁਬਾਰਾ ਵਿਆਹ ਕਰਵਾ ਸਕਦੀ ਹੈ। ਸ਼ਾਦੀ ਸਮੇਂ ਪੇਕਿਆਂ ਅਤੇ ਸਹੁਰਿਆਂ ਵੱਲੋਂ ਮਿਲਣ ਵਾਲੇ ਤੋਹਫਿਆਂ 'ਤੇ ਕੇਵਲ ਪਤਨੀ ਦਾ ਅਧਿਕਾਰ ਹੈ। ਪਤਨੀ ਨੂੰ ਆਪਣੇ ਪਤੀ ਨੂੰ ਦੇਵਤਾ ਅਤੇ ਪਤੀ ਵੱਲੋਂ ਆਪਣੀ ਪਤਨੀ ਨੂੰ ਦੇਵੀ ਸਮਝਣਾ ਚਾਹੀਦਾ ਹੈ। ਜਿਸ ਘਰ ਵਿੱਚ ਔਰਤਾਂ ਖੁਸ਼ ਰਹਿੰਦੀਆਂ ਹਨ, ਉਥੇ ਰੱਬ ਹਰ ਪ੍ਰਕਾਰ ਦੀਆਂ ਰਹਿਮਤਾਂ ਦੀ ਬਾਰਸ਼ ਕਰਦਾ ਹੈ ਤੇ ਜਿਸ ਘਰ ਵਿੱਚਉਨ੍ਹਾਂ ਨੂੰ ਕਸ਼ਟ ਦਿੱਤੇ ਜਾਣ, ਉਥੇ ਕੀਤਾ ਗਿਆ ਕੋਈ ਵੀ ਯੱਗ ਹਵਨ ਬੇਕਾਰ ਹੈ। ਲਕਸ਼ਮੀ ਤੇ ਸਰਸਵਤੀ ਉਸ ਘਰ ਨੂੰ ਛੱਡ ਕੇ ਚਲੀਆਂ ਜਾਂਦੀਆਂ ਹਨ।




20ਵੀਂ ਸਦੀ ਦੀ ਸ਼ੁਰੂਆਤ ਤੋਂ ਹੀਮਨੂ ਸਿਮਰਤੀਸਬੰਧੀ ਵਾਦ ਵਿਵਾਦ ਜੋਰ ਪਕੜ ਗਿਆ ਸੀ। ਸੁਧਾਰਵਾਦੀ ਲੋਕ ਇਸ ਦੇ ਖਿਲਾਫ ਸਨ ਪਰ ਸੱਜੇ ਪੱਖੀ ਕੱਟੜਵਾਦੀ ਸੰਸਥਾਵਾਂ ਇਸ ਦੇ ਪੱਖ ਵਿੱਚ ਸਨ।ਇਸ ਦਾ ਸਭ ਤੋਂ ਵੱਡਾ ਆਲੋਚਕ ਡਾ. ਭੀਮ ਰਾਉ ਅੰਬੇਦਕਰ ਸੀ ਜੋ ਇਸ ਨੂੰ ਭਾਰਤ ਵਿੱਚ ਜ਼ਾਤ ਪਾਤ ਵਿਵਸਥਾ ਲਈ ਜ਼ਿੰਮੇਵਾਰ ਸਮਝਦਾ ਸੀ। 25 ਦਸੰਬਰ 1927 ਵਾਲੇ ਦਿਨ ਉਸ ਨੇਮਨੂ ਸਿਮਰਤੀਦੀ ਹੋਲੀ ਜਲਾਈ ਸੀ ਜਿਸ ਕਾਰਨ ਅੰਬੇਦਕਰਵਾਦੀਆਂ ਵੱਲੋਂ ਹਰ ਸਾਲ 25 ਦਸੰਬਰ ਨੂੰ ਮਨੂ ਸਿਮਰਤੀ ਦਹਨ ਦਿਵਸ ਮਨਾਇਆ ਜਾਂਦਾ ਹੈ। ਇਥੇ ਇਹ ਵੀ ਵਰਨਣ ਯੋਗ ਹੈ ਕਿ ਮਹਾਤਮਾ ਗਾਂਧੀ ਨੇ ਮਨੂ ਸਿਮਰਤੀ ਨੂੰ ਸਾੜਨ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਛੂਆ ਛਾਤ ਭਾਰਤ ਲਈ ਬਹੁਤ ਘਾਤਕ ਹੈ ਪਰ ਇਸ ਲਈ ਪ੍ਰਚੀਨ ਸ਼ਾਸ਼ਤਰਾਂ ਨੂੰ ਸਾੜਨ ਦੀ ਕੋਈ ਜਰੂਰਤ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਮਨੂ ਸਿਮਰਤੀ ਸਵੈ ਵਿਰੋਧੀ ਕਥਨਾਂ ਨਾਲ ਭਰੀ ਪਈ ਹੈ ਤੇ ਮੌਲਿਕ ਮਨੂ ਸਿਮਰਤੀ ਕਿਸੇ ਕੋਲ ਵੀ ਨਹੀਂ ਹੈ। ਉਨ੍ਹਾਂ ਨੇ ਸੁਝਾਉ ਦਿੱਤਾ ਸੀ ਕਿ ਸਭ ਨੂੰ ਮੁਕੰਮਲ ਮਨੂ ਸਿਮਰਤੀ ਪੜ੍ਹਨੀ ਚਾਹੀਦੀ ਹੈ। ਇਸ ਵੱਲੋਂ ਦਰਸਾਏ ਗਏ ਸੱਚ ਅਤੇ ਅਹਿੰਸਾ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਤੇ ਵਿਵਾਦਿਤਅਧਿਆਇਆਂ ਨੂੰ ਵਿਸਾਰ ਦੇਣਾ ਚਾਹੀਦਾ ਹੈ।

ਜਦੋਂ ਭਾਰਤ ਅਜ਼ਾਦ ਹੋਇਆ ਤਾਂ ਸੱਜੇ ਪੱਖੀ ਸੰਸਥਾਵਾਂ ਵੱਲੋਂ ਇਹ ਜੋਰ ਪਾਇਆ ਗਿਆ ਕਿ ਭਾਰਤ ਦਾ ਸੰਵਿਧਾਨ ਮਨੂ ਸਿਮਰਤੀ 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਪਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਸੰਵਿਧਾਨ ਸਭਾ ਦੇ ਮੁਖੀ ਡਾ. ਅੰਬੇਦਕਰ ਨੇ ਉਨ੍ਹਾਂ ਦੀ ਗੱਲ ਨਾ ਮੰਨੀ। ਇਸ ਤੋਂ ਬਾਅਦ ਮਨੂ ਸਿਮਰਤੀ ਦਾ ਮਾਮਲਾ ਦੱਬਿਆ ਗਿਆ ਤੇ ਕਦੇ ਕਦਾਈਂ ਕਿਸੇ ਛੁੱਟ ਭਈਏ ਨੇਤਾ ਵੱਲੋਂ ਇਸ ਦੇ ਹੱਕ ਜਾਂ ਖਿਲਾਫ ਬਿਆਨ ਆ ਜਾਂਦਾ ਸੀ। ਪਰ ਪਿਛਲੇ ਦੋ ਤਿੰਨ ਸਾਲਾਂ ਤੋਂ ਇਸ ਦੀ ਚਰਚਾ ਮੁੜ ਤੇਜ ਹੋ ਗਈ ਹੈ। ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਵੱਲੋਂ ਲਗਾਤਾਰ ਸੱਤਾਧਾਰੀ ਭਾਜਪਾ 'ਤੇ ਦੋਸ਼ ਲਗਾਏ ਜਾ ਰਹੇ ਹਨ ਕਿ ਭਾਜਪਾ ਡਾ. ਅੰਬੇਦਕਰ ਵੱਲੋਂ ਬਣਾਇਆ ਗਿਆ ਸੰਵਿਧਾਨ ਬਦਲਣਾ ਚਾਹੁੰਦੀ ਹੈ। ਕੁਝ ਦਿਨ ਪਹਿਲਾਂ ਰਾਜ ਸਭਾ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਡਾ. ਅੰਬੇਦਕਰ ਬਾਰੇ ਦਿੱਤੇ ਗਏ ਇੱਕ ਬਿਆਨ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਅਸਲ ਵਿੱਚ ਮਨੂ ਸਿਮਰਤੀ ਹੁਣ ਕਿਸੇ ਪ੍ਰਚੀਨ ਧਾਰਮਿਕ – ਸਮਾਜਿਕ ਸ਼ਾਸ਼ਤਰ ਦੀ ਬਜਾਏ ਰਾਜਨੀਤਕ ਸ਼ਸ਼ਤਰ ਬਣ ਗਿਆ ਹੈ ਜਿਸ ਦੀ ਵਰਤੋਂ ਵਿਰੋਧੀਆਂ ਨੂੰ ਗੁੱਠੇ ਲਾਉਣ ਲਈ ਹਰ ਰਾਜਨੀਤਕ ਪਾਰਟੀ ਕਰ ਰਹੀ ਹੈ। ਲੱਗਦਾ ਹੈ ਕਿ ਕੁਝ ਕੁ ਸਮੇਂ ਬਾਅਦ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵੀ ਇਸ ਵਿਵਾਦ ਦੀ ਖੁਲ੍ਹ ਕੇ ਵਰਤੋਂ ਕੀਤੀ ਜਾਵੇਗੀ।

# ਦਾਅਵੇ ਅਤੇ ਹਕੀਕਤ ! ਕੀ ਭਾਰਤ 'ਚ ਮੁਫ਼ਤ ਸਿਹਤ ਇਲਾਜ ਹੈ ?

ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਪਾਰਟੀ ਮੁਫ਼ਤ ਦੀਆਂ ਕਈ ਯੋਜਨਾਵਾਂ ਸ਼ੁਰੂ ਕਰਨ ਦਾ ਐਲਾਨ ਕਰਦੀ ਹੈ। ਕੋਈ ਤਾਂ, ਬਿਨ੍ਹਾਂ ਹੱਡ ਪੈਰ ਹਿਲਾਏ ਹਜ਼ਾਰ, ਦੋ ਹਜ਼ਾਰ ਰੁਪਏ ਖਾਤਿਆਂ ਵਿੱਚ ਪਾਉਣ ਦੀ ਗੱਲ ਕਰਦੀ ਹੈ ਅਤੇ ਕੁੱਝ ਪਾਰਟੀਆਂ ਤਾਂ ਅਜਿਹੀਆਂ ਨੇ, ਜਿਹੜੀਆਂ ਧੀ ਨੂੰ ਦਾਜ ਦੇਣ ਦੀ ਤਰ੍ਹਾਂ ਲੋਕਾਂ ਦੇ ਘਰਾਂ ਵਿੱਚ ਮੁਫ਼ਤ ਟੀਵੀ, ਫ਼ਰਿਜ, ਏ.ਸੀ. ਅਤੇ ਹੋਰ ਵਹੀਕਲ ਤੱਕ ਦੇਣ ਦੀਆਂ ਗੱਲਾਂ ਕਰਦੀਆਂ ਨੇ। ਭਾਰਤ ਵਿੱਚ ਇੱਕ ਦੋ ਪਾਰਟੀਆਂ ਨੂੰ ਛੱਡ ਕੇ ਕਿਸੇ ਵੀ ਪਾਰਟੀ ਨੇ ਕਦੇ ਮੁਫ਼ਤ ਸਿੱਖਿਆ ਅਤੇ ਮੁਫ਼ਤ ਵਿੱਚ ਸਿਹਤ ਇਲਾਜ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਵਾਅਦਾ ਕੀਤਾ ਹੈ ਕਿ ਉਹ ਸੱਤਾ ਵਿੱਚ ਆਉਣ ਤੋਂ ਬਾਅਦ ਸਿੱਖਿਆ ਅਤੇ ਸਿਹਤ ਇਲਾਜ ਮੁਫ਼ਤ ਕਰਨਗੀਆਂ। ਹਰ ਪਾਰਟੀ ਮੁਫ਼ਤ ਦੇ ਵਿੱਚ ਰਾਸ਼ਨ ਦੇਣ ਦੀਆਂ ਸਕੀਮਾਂ ਅਤੇ ਹੋਰ ਟੁੱਟੇ ਭੱਜੇ ਵਾਅਦੇ ਜ਼ਰੂਰ ਕਰਦੀਆਂ ਹਨ, ਪਰ ਮਨੁੱਖ ਨੂੰ ਅਸਲ ਵਿੱਚ ਕਿਸ ਚੀਜ਼ ਦੀ ਜ਼ਰੂਰਤ ਹੈ, ਉਸ ਵੱਲ ਕਦੇ ਵੀ ਕਿਸੇ ਵੱਲੋਂ ਧਿਆਨ ਨਹੀਂ ਦਿੱਤਾ ਜਾਂਦਾ।

ਪ੍ਰਧਾਨ ਮੰਤਰੀ ਤੋਂ ਲੈ ਕੇ ਸੰਸਦ ਮੈਂਬਰਾਂ, ਮੁੱਖ ਮੰਤਰੀਆਂ ਅਤੇ ਇੱਥੋਂ ਤੱਕ ਵਿਧਾਇਕਾਂ ਅਤੇ ਕੌਂਸਲਰਾਂ ਵੱਲੋਂ ਕਥਿਤ ਤੌਰ ਤੇ ਚੋਣਾਂ ਦੇ ਵਿੱਚ ਵੋਟਾਂ ਖ਼ਾਤਰ ਜਿਹੜੀਆਂ ਮੁਫ਼ਤ ਵਿੱਚ ਚੀਜ਼ਾਂ ਦੇਣ ਦੀਆਂ ਗੱਲ ਕੀਤੀਆਂ ਜਾਂਦੀਆਂ ਹਨ, ਜੇਕਰ ਇਸ ਸਭ ਨੂੰ ÷ਵੱਢੀ÷ ਵੀ ਕਿਹਾ ਜਾਵੇ ਤਾਂ ਕੁੱਝ ਗ਼ਲਤ ਨਹੀਂ ਹੋਵੇਗਾ। ਕਿਉਂਕਿ ਸਾਰੀਆਂ ਪਾਰਟੀਆਂ ਮੁਫ਼ਤ ਇਲਾਜ ਅਤੇ ਸਿੱਖਿਆ ਦੇਣ ਦੀ ਗੱਲ ਕਦੇ ਨਹੀਂ ਕਰਦੀਆਂ। ਆਮ ਆਦਮੀ ਪਾਰਟੀ ਵੀ ਸਿੱਖਿਆ ਅਤੇ ਇਲਾਜ ਸਸਤਾ ਅਤੇ ਮੁਫ਼ਤ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ, ਪਰ ਇਸ ਪਾਰਟੀ ਦੇ ਦਾਅਵੇ ਵੀ ਹਵਾਈ ਹੀ ਜਾਪ ਰਹੇ ਹਨ। ਵੈਸੇ, ਹਰ ਕਿਸੇ ਨੂੰ ਸੁਣ ਕੇ ਬੜੀ ਹੈਰਾਨੀ ਹੋਵੇਗੀ ਕਿ ਮੁਲਕ ਨੂੰ ਆਜ਼ਾਦ ਹੋਇਆ ਭਾਵੇਂ ਸੱਤ ਦਹਾਕੇ ਤੋਂ ਜ਼ਿਆਦਾ ਸਮਾਂ ਹੋ ਚੁੱਕਿਆ ਹੈ, ਪਰ ਸਾਡੇ ਮੁਲਕ ਦੇ ਅੰਦਰ ਲੋਕਾਂ ਕੋਲੋਂ ਟੈਕਸ ਤਾਂ ਮਨਾਂ ਮੂੰਹੀਂ ਵਸੂਲਿਆ ਜਾ ਰਿਹਾ ਹੈ, ਪਰ ਉਸ ਦੇ ਬਦਲੇ ਜਨਤਾ ਨੂੰ ਮਹਿੰਗਾਈ ਦਾ ਹੀ ਤੋਹਫ਼ਾ ਦਿੱਤਾ ਜਾ ਰਿਹਾ ਹੈ, ਜਦੋਂਕਿ ਚਾਹੀਦਾ ਤਾਂ ਇਹ ਹੈ ਕਿ ਲੋਕਾਂ ਨੂੰ ਮੁਫ਼ਤ ਜਾਂ ਫਿਰ ਸਸਤਾ ਇਲਾਜ ਅਤੇ ਸਿੱਖਿਆ ਦਿੱਤੀ ਜਾਵੇ। ਮੁਫ਼ਤ ਵਿੱਚ ਜਿਹੜੀਆਂ ਚੀਜ਼ਾਂ ਦੀ ਲੋੜ ਹੈ, ਉਹ ਦੇਣ ਦੀ ਬਿਜਾਏ, ਸਿਆਸੀ ਪਾਰਟੀਆਂ ਹੋਰ ਹੀ ਸ਼ੋਸ਼ੇ ਛੱਡ ਰਹੀਆਂ ਹਨ।

ਵੇਖਿਆ ਜਾਵੇ ਤਾਂ ਸਾਡੇ ਮੁਲਕ ਦੇ ਅੰਦਰ ਸਿਹਤ ਸਿਸਟਮ ਦਾ ਏਨਾਂ ਜ਼ਿਆਦਾ ਬੁਰਾ ਹਾਲ ਹੈ ਕਿ ਕੋਈ ਕਹਿਣ ਦੀ ਹੱਦ ਨਹੀਂ। ਇਸ ਸਭ ਦੀ ਪੋਲ ਤਾਂ, ਕੋਰੋਨਾ ਸਮੇਂ ਹੀ ਖੁੱਲ੍ਹ ਗਈ ਸੀ, ਜਦੋਂ ਸਰਕਾਰੀ ਹਸਪਤਾਲਾਂ ਵਿੱਚ ਬੈੱਡ ਅਤੇ ਆਕਸੀਜਨ ਹੀ ਮੁੱਕ ਗਈ ਸੀ, ਲੋਕ ਮਜਬੂਰ ਹੋ ਕੇ ਨਿੱਜੀ ਹਸਪਤਾਲਾਂ ਵਿੱਚ ਭਰਤੀ ਹੋ ਰਹੇ ਸਨ ਅਤੇ ਆਪਣਾ ਇਲਾਜ ਕਰਵਾ ਰਹੇ ਸਨ। ਭਾਵੇਂ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਕੋਰੋਨਾ ਕੋਈ ਐਡੀ ਵੱਡੀ ਬਿਮਾਰੀ ਨਹੀਂ ਸੀ, ਜਿੰਨੀ ਵੱਡੀ ਉਸਨੂੰ ਬਣਾ ਕੇ ਪੇਸ਼ ਕੀਤਾ ਗਿਆ, ਪਰ ਫਿਰ ਵੀ ਸਰਕਾਰਾਂ ਦੇ ਵੱਲੋਂ ਇਸ ਦਾ ਪ੍ਰਚਾਰ ਅਤੇ ਪ੍ਰਸਾਰ ਇੰਝ ਕੀਤਾ ਗਿਆ, ਜਿਵੇਂ ਬਸ ਦੁਨੀਆ ਖ਼ਤਮ ਹੀ ਹੋਣ ਵਾਲੀ ਹੁੰਦੀ ਹੈ।

ਕੋਰੋਨਾ ਤੋਂ ਬਾਅਦ ਵੀ ਕਈ ਵਾਇਰਸ ਸਾਡੇ ਦੇਸ਼ ਦੇ ਅੰਦਰ ਆਏ ਹਨ, ਉਨ੍ਹਾਂ ਦਾ ਇਲਾਜ ਲੋਕਾਂ ਨੇ ਖ਼ੁਦ ਹੀ ਕੀਤਾ ਹੈ, ਉਹ ਸਭ ਕੁੱਝ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਹੈ। ਦੂਜੇ ਪਾਸੇ, ਮੁਫ਼ਤ ਵਿੱਚ ਇਲਾਜ ਅਤੇ ਸਿੱਖਿਆ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਸਿਰਫ਼ ਤੇ ਸਿਰਫ਼ ਵੋਟਾਂ ਤੱਕ ਹੀ ਇਨ੍ਹਾਂ ਦਾਅਵਿਆਂ ਅਤੇ ਵਾਅਦਿਆਂ ਤੇ ਕਾਇਮ ਰਹਿੰਦੀਆਂ ਹਨ, ਉਸ ਤੋਂ ਬਾਅਦ ਤਾਂ ਇਹ ਸਭ ਕੁੱਝ ਭੁੱਲ ਭੱਲ ਜਾਂਦੀਆਂ ਹਨ। ਉੱਤਰ ਪ੍ਰਦੇਸ਼ ਤੋਂ ਪਿਛਲੇ ਸਾਲ ਕਈ ਮਾੜੀਆਂ ਖ਼ਬਰਾਂ ਆਈਆਂ, ਕਈ ਜਗਾਵਾਂ ਤੇ ਤਾਂ ਹਸਪਤਾਲਾਂ ਨੂੰ ਅੱਗ ਲੱਗ ਗਈ ਅਤੇ ਕੁੱਝ ਥਾਵਾਂ ਤੇ ਆਕਸੀਜਨ ਅਤੇ ਹੋਰ ਕਈ ਸਹੂਲਤਾਂ ਦੀ ਕਮੀ ਪਾਈ ਗਈ, ਲੋਕ ਮਰਦੇ ਰਹੇ, ਪਰ ਸੱਤਾ-ਧਿਰ ਨੂੰ ਭੋਰਾ ਫ਼ਰਕ ਨਹੀਂ ਪਿਆ। ਇੱਕ ਵਾਰ ਜਾਂਚ ਟੀਮਾਂ ਬਿਠਾ ਦਿੱਤੀਆਂ ਗਈਆਂ, ਉਨ੍ਹਾਂ ਨੇ ਕਿਹੜੀ ਜਾਂਚ ਕਿੱਥੇ ਛੱਡੀ- ਰੱਖੀ ਕਿਸੇ ਨੂੰ ਕੁੱਝ ਪਤਾ ਨਹੀਂ।

ਅੱਜ ਸਾਡੇ ਮੁਲਕ ਦੇ ਅੰਦਰ ਗ਼ਰੀਬਾਂ ਨੂੰ ਇਲਾਜ ਨਹੀਂ ਮਿਲ ਰਿਹਾ, ਉਹ ਤਰਾਹ ਤਰਾਹ ਕਰਦੇ ਮਰ ਰਹੇ ਹਨ, ਜਦੋਂਕਿ ਅਮੀਰ ਲੋਕ ਆਪਣੀਆਂ ਛੋਟੀਆਂ-ਛੋਟੀਆਂ ਬਿਮਾਰੀਆਂ ਦਾ ਵਿਦੇਸ਼ਾਂ ਤੋਂ ਇਲਾਜ ਕਰਵਾ ਰਹੇ ਹਨ। ਪੰਜਾਬ ਦੇ ਵਿੱਚ ਵੀ ਅਜਿਹਾ ਕੁੱਝ ਹੀ ਚੱਲ ਰਿਹਾ ਹੈ। ਮੁਹੱਲਾ ਕਲੀਨਿਕਾਂ ਵਿੱਚ ਬੁਖ਼ਾਰ ਸਿਰ ਦਰਦ ਅਤੇ ਢਿੱਡ ਪੀੜ ਤੱਕ ਦੀਆਂ ਹੀ ਲਗਭਗ ਦਵਾਈਆਂ ਨੇ, ਹੋਰ ਭਿਆਨਕ ਬਿਮਾਰੀਆਂ ਦੀਆਂ ਦਵਾਈਆਂ ਤਾਂ ਹਰ ਮਰੀਜ਼ ਨੂੰ ਬਾਹਰੋਂ ਹੀ ਖ਼ਰੀਦਣੀਆਂ ਪੈਂਦੀਆਂ ਹਨ। ਇਲਾਜ ਇਸ ਕਦਰ ਮਹਿੰਗੇ ਹੋ ਗਏ ਹਨ ਕਿ, ਗ਼ਰੀਬ ਕੋਲ ਐਨਾ ਪੈਸਾ ਹੀ ਨਹੀਂ ਕਿ ਉਹ ਪਰਚੀ ਵੀ ਭਰ ਲਵੇ।

ਭਾਵੇਂ ਕਿ ਕੁੱਝ ਵਰਗਾਂ ਨੂੰ 5 ਲੱਖ ਰੁਪਏ ਤੱਕ ਇਲਾਜ ਮੁਫ਼ਤ ਦੇਣ ਦਾ ਵਾਅਦਾ ਅਤੇ ਦਾਅਵਾ ਹਾਕਮ ਧਿਰ ਦੇ ਵੱਲੋਂ ਕੀਤਾ ਜਾ ਰਿਹਾ ਹੈ, ਪਰ ਅਸਲੀਅਤ ਇਹ ਹੈ ਕਿ ਇਹ 5 ਲੱਖ ਰੁਪਏ ਦੇ ਇਲਾਜ ਵਾਲਾ ਬਣਿਆ ਕਾਰਡ ਵੀ ਕਈ ਹਸਪਤਾਲ ਨਹੀਂ ਚਲਾ ਰਹੇ। ਮਤਲਬ ਕਿ ਮੁਫ਼ਤ ਵਿੱਚ ਜਿਹੜੀ ਚੀਜ਼ ਦੀ ਲੋੜ ਹੈ, ਉਹ ਮਿਲ ਨਹੀਂ ਰਹੀ। ਕੈਂਸਰ, ਏਡਜ਼, ਦਮਾ, ਟੀ ਬੀ ਅਤੇ ਅਜਿਹੀਆਂ ਹੋਰ ਭਿਆਨਕ ਬਿਮਾਰੀਆਂ ਦੀ ਦਵਾਈ ਐਨੀ ਮਹਿੰਗੀ ਹੈ ਕਿ ਕੋਈ ਕਹਿਣ ਦੀ ਹੱਦ ਨਹੀਂ। ਗ਼ਰੀਬ ਬੰਦਾ ਤਾਂ ਦਵਾਈਆਂ ਦੇ ਰੇਟ ਸੁਣ ਕੇ ਹੀ ਮਰ ਮੁੱਕ ਜਾਂਦਾ ਹੈ।

ਵੈਸੇ, ਜੇ ਦੂਜੇ ਪਾਸੇ ਬੀਤੇ ਦਿਨੀਂ ਭਾਰਤ ਦੀ ਸਰਵ ਉੱਚ ਅਦਾਲਤ ਦੇ ਆਏ ਫ਼ੈਸਲੇ ਤੇ ਨਿਗਾਹ ਮਾਰੀਏ ਤਾਂ, ਉਸ ਨੇ ਸਾਨੂੰ ਹੈਰਾਨ ਅਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਇਹ ਸਿਆਸੀ ਪਾਰਟੀਆਂ ਜਦੋਂ ਸੱਤਾ ਵਿੱਚ ਆਉਂਦੀਆਂ ਹਨ ਤਾਂ, ਆਪਣੇ ਕੀਤੇ ਵਾਅਦਿਆਂ ਨੂੰ ਕਿਵੇਂ ਭੁੱਲ ਜਾਂਦੀਆਂ ਹਨ। ਦਰਅਸਲ, ਸਰਵ ਉੱਚ ਅਦਾਲਤ ਨੇ ਕਿਹਾ ਕਿ ਰਾਜ ਸਰਕਾਰਾਂ ਲੋਕਾਂ ਨੂੰ ਕਿਫ਼ਾਇਤੀ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫਲ ਰਹੀਆਂ ਹਨ।

**-ਗੁਰਪ੍ਰੀਤ +91 9569820314**

ਅਦਾਲਤ ਨੇ ਗ਼ਰੀਬ ਵਰਗ ਨੂੰ ਸਹੀ ਡਾਕਟਰੀ ਸਹੂਲਤਾਂ ਅਤੇ ਕਿਫ਼ਾਇਤੀ ਦਵਾਈਆਂ ਨਾ ਮਿਲਣ ਲਈ ਰਾਜਾਂ ਨੂੰ ਫਟਕਾਰ ਲਗਾਈ। ਅਦਾਲਤ ਨੇ ਕਿਹਾ ਕਿ ਸੂਬਾ ਸਰਕਾਰਾਂ ਦੀ ਨਾਲਾਇਕੀ ਦੇ ਕਾਰਨ ਹੀ ਨਿੱਜੀ ਹਸਪਤਾਲਾਂ ਨੂੰ ਸਹੂਲਤਾਂ ਅਤੇ ਤਰੱਕੀ ਮਿਲੀ। ਜਨਹਿਤ ਪਟੀਸ਼ਨ @ਤੇ ਸੁਣਵਾਈ ਕਰਦੇ ਹੋਏ, ਜਸਟਿਸ ਸੂਰਿਆ ਕਾਂਤ ਅਤੇ ਐਨ.ਕੇ ਸਿੰਘ ਦੇ ਬੈਂਚ ਨੇ ਕਿਹਾ ਕਿ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਨਿੱਜੀ ਹਸਪਤਾਲਾਂ ਦੁਆਰਾ ਦਵਾਈਆਂ, ਟਰਾਂਸਪਲਾਂਟ ਅਤੇ ਹੋਰ ਡਾਕਟਰੀ ਦੇਖਭਾਲ ਉਪਕਰਨ ਖ਼ਰੀਦਣ ਲਈ ਆਪਣੇ ਫਾਰਮਾਸਿਸਟਾਂ ਕੋਲ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜਨਹਿਤ ਪਟੀਸ਼ਨ ਵਿੱਚ, ਨਿੱਜੀ ਹਸਪਤਾਲਾਂ ਨੂੰ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ। ਅਦਾਲਤ ਦੇ ਸਾਹਮਣੇ ਇੱਕ ਦਲੀਲ ਦਿੱਤੀ ਗਈ ਸੀ ਕਿ ਉਹ ਮਰੀਜ਼ਾਂ ਨੂੰ ਆਪਣੇ ਹਸਪਤਾਲਾਂ ਦੀਆਂ ਦੁਕਾਨਾਂ ਤੋਂ ਦਵਾਈਆਂ ਖ਼ਰੀਦਣ ਲਈ ਨਾ ਕਹਿਣ। ਇਹ ਦੋਸ਼ ਲਗਾਇਆ ਗਿਆ ਕਿ ਕੇਂਦਰ ਅਤੇ ਰਾਜ ਸਰਕਾਰਾਂ ਸੁਧਾਰ ਕਰਨ ਵਿੱਚ ਅਸਫਲ ਰਹੀਆਂ ਹਨ, ਜਿਸ ਕਾਰਨ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਦਾ ਸ਼ੋਸ਼ਣ ਹੋ ਰਿਹਾ ਹੈ।

ਜਸਟਿਸ ਸੂਰਿਆਂ ਕਾਂਤ ਨੇ ਕਿਹਾ ਕਿ ਰਾਜ ਸਰਕਾਰਾਂ ਦਾ ਫ਼ਰਜ਼ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਹਰ ਮਰੀਜ਼ ਨੂੰ ਸਹੀ ਡਾਕਟਰੀ ਇਲਾਜ ਮਿਲੇ। ਕੁੱਝ ਰਾਜ ਮਰੀਜ਼ਾਂ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹਨ। ਅਦਾਲਤ ਨੇ ਰਾਜ ਸਰਕਾਰਾਂ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਕਿ ਨਿੱਜੀ ਹਸਪਤਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਦਵਾਈਆਂ ਖ਼ਰੀਦਣ ਲਈ ਮਜਬੂਰ ਨਾ ਕਰਨ। ਖ਼ਾਸ ਕਰਕੇ ਜਦੋਂ ਉਹ ਦਵਾਈ ਸਸਤੇ ਭਾਅ @ਤੇ ਉਪਲਬਧ ਹੋਵੇ।

ਅਦਾਲਤ ਨੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਨਾਗਰਿਕਾਂ ਨੂੰ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ ਨਿੱਜੀ ਹਸਪਤਾਲਾਂ ਅਤੇ ਮੈਡੀਕਲ ਸੰਸਥਾਵਾਂ ਤੋਂ ਬਚਾਉਣ ਲਈ ਦਿਸ਼ਾ-ਨਿਰਦੇਸ਼ ਤਿਆਰ ਕਰੇ। ਪਹਿਲੇ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਕਈ ਰਾਜਾਂ ਨੂੰ ਨੋਟਿਸ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਓਡੀਸ਼ਾ, ਛੱਤੀਸਗੜ੍ਹ, ਅਰੁਣਾਚਲ ਪ੍ਰਦੇਸ਼, ਤਾਮਿਲਨਾਡੂ, ਬਿਹਾਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਸ਼ਾਮਲ ਸਨ। ਇਸ ਨੋਟਿਸ @ਤੇ, ਰਾਜਾਂ ਨੇ ਅਦਾਲਤ ਵਿੱਚ ਆਪਣੇ ਹਲਫ਼ਨਾਮੇ ਦਾਇਰ ਕੀਤੇ। ਦਵਾਈਆਂ ਦੀਆਂ ਕੀਮਤਾਂ ਬਾਰੇ ਰਾਜਾਂ ਨੇ ਕਿਹਾ ਕਿ ਇਹ ਕੇਂਦਰ ਸਰਕਾਰ ਦੁਆਰਾ ਜਾਰੀ ਕੀਤੇ ਗਏ ਕੀਮਤ ਨਿਯੰਤਰਨ ਆਦੇਸ਼ਾਂ @ਤੇ ਨਿਰਭਰ ਕਰਦੇ ਹਨ। ਉਹ ਇਹ ਯਕੀਨੀ ਬਣਾਉਣ ਲਈ ਯਤਨ ਕਰਦੇ ਹਨ ਕਿ ਜ਼ਰੂਰੀ ਦਵਾਈਆਂ ਦੀ ਕੀਮਤ ਢੁਕਵੀਂ ਹੋਵੇ। ਹਾਲਾਂਕਿ, ਕੇਂਦਰ ਸਰਕਾਰ ਨੇ ਵੀ ਆਪਣਾ ਜਵਾਬ ਦਾਇਰ ਕੀਤਾ ਅਤੇ ਕਿਹਾ ਕਿ ਹਸਪਤਾਲਾਂ ਦੀਆਂ ਫਾਰਮੇਸੀਆਂ ਤੋਂ ਦਵਾਈਆਂ ਖ਼ਰੀਦਣ ਦੀ ਕੋਈ ਮਜਬੂਰੀ ਨਹੀਂ ਹੈ।

ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਢੁਕਵੇਂ ਨੀਤੀਗਤ ਫ਼ੈਸਲੇ ਲੈਣ ਦਾ ਕੰਮ ਰਾਜਾਂ @ਤੇ ਛੱਡ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਅਤੇ ਐਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਐਲਐਲਬੀ ਦੇ ਵਿਦਿਆਰਥੀ ਸਿਧਾਰਥ ਡਾਲਮੀਆ ਅਤੇ ਉਸਦੇ ਵਕੀਲ ਪਿਤਾ ਵਿਜੇ ਪਾਲ ਡਾਲਮੀਆ ਦੁਆਰਾ ਦਾਇਰ ਜਨਹਿਤ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਜਨਹਿਤ ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਨਿੱਜੀ ਹਸਪਤਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਇੰਨ-ਹਾਊਸ ਦੀਆਂ ਫਾਰਮੇਸੀਆਂ ਜਾਂ ਉਨ੍ਹਾਂ ਨਾਲ ਸੰਬੰਧਿਤ ਫਾਰਮੇਸੀਆਂ ਤੋਂ ਦਵਾਈਆਂ ਖ਼ਰੀਦਣ ਲਈ ਮਜਬੂਰ ਕਰਦੇ ਹਨ। ਇਸ ਲਈ ਵੱਧ ਕੀਮਤ ਵਸੂਲੀ ਜਾਂਦੀ ਹੈ। ਬੈਂਚ ਨੇ ਕਿਹਾ ਕਿ ਨਾਗਰਿਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਾਪਤ ਕਰਨ ਦਾ ਅਧਿਕਾਰ ਸੰਵਿਧਾਨ ਦੁਆਰਾ ਧਾਰਾ 21 ਵਿੱਚ ਦਿੱਤਾ ਗਿਆ ਹੈ।

ਵੈਸੇ, ਜੇ ਇਸ ਤਰ੍ਹਾਂ ਹੀ ਦੇਸ਼ ਦਾ ਸਿਹਤ ਸਿਸਟਮ ਚੱਲਦਾ ਰਿਹਾ ਤਾਂ, ਉਹ ਵੇਲਾ ਦੂਰ ਨਹੀਂ, ਜਦੋਂ ਮੁਲਕ ਦੇ ਅੰਦਰ ਗ਼ਰੀਬੀ ਅਥਾਹ ਹੋ ਜਾਵੇਗੀ, ਲੋਕ ਦਵਾਈਆਂ ਖੁਣੋ ਹੋਰ ਮਰਨੇ ਸ਼ੁਰੂ ਹੋ ਜਾਣਗੇ ਅਤੇ ਸਿਆਸਤਦਾਨ ਇਸ ਸਭ ਉੱਤੇ ਸਿਆਸਤ ਕਰਕੇ ਸੱਤਾ ਹਾਸਲ ਕਰਕੇ, ਜਨਤਾ ਦੇ ਪੈਸੇ ਦੀ ਲੁੱਟ ਕਰਦੇ ਰਹਿਣਗੇ।

ਦੂਜੇ ਪਾਸੇ ਵੇਖਿਆ ਜਾਵੇ ਤਾਂ, ਭਾਵੇਂ ਹੀ ਸਰਵ ਉੱਚ ਅਦਾਲਤ ਦਾ ਸੂਬਿਆਂ ਦੀਆਂ ਸਰਕਾਰਾਂ ਨੂੰ ਹੁਕਮ ਹੈ ਕਿ ਆਮ ਲੋਕਾਂ ਨੂੰ ਸਸਤਾ ਇਲਾਜ ਮੁਹੱਈਆ ਕਰਵਾਉਣ ਲਈ ਯਤਨ ਕੀਤੇ ਜਾਣ, ਪਰ ਮੇਰਾ ਇੱਕ ਲੇਖਕ ਦੇ ਤੌਰ ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਸਵਾਲ ਹੈ ਕਿ ਜੇਕਰ ਉਹ ਲੋਕਾਂ ਕੋਲੋਂ ਵੋਟਾਂ ਲੈ ਕੇ ਸਰਕਾਰਾਂ ਬਣਾ ਸਕਦੀਆਂ ਹਨ ਤਾਂ, ਕੀ ਉਨ੍ਹਾਂ ਦਾ ਫ਼ਰਜ਼ ਨਹੀਂ ਬਣਦਾ ਕਿ ਉਹ ਲੋਕਾਂ ਨੂੰ ਮੁਫ਼ਤ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨ ? ਇਸ ਤੇ ਲੋਕਾਂ ਨੂੰ ਵੀ ਵਿਚਾਰ ਕਰਨਾ ਪੈਣਾ ਹੈ ਕਿ ਜੇਕਰ ਉਨ੍ਹਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਅਤੇ ਸਿੱਖਿਆ ਚਾਹੀਦੀ ਹੈ ਤਾਂ, ਉਨ੍ਹਾਂ ਨੂੰ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਹੋਰ ਫ਼ਾਲਤੂ ਵਸਤੂਆਂ ਦਾ ਵਿਰੋਧ ਕਰਨਾ ਪਵੇਗਾ ਅਤੇ ਅਸਲ ਮੁੱਦਿਆਂ ਤੇ ਗੱਲ ਕਰਨ ਲਈ ਸਰਕਾਰ ਨੂੰ ਵੀ ਮਜਬੂਰ ਕਰਨਾ ਪਵੇਗਾ, ਤਾਂ ਜਾ ਕੇ ਕਿਤੇ ਲੋਕ ਬਚ ਸਕਣਗੇ।

ਜੇਕਰ ਸਾਡੇ ਮੁਲਕ ਦੇ ਅੰਦਰ ਇੰਝ ਹੀ ਸਿਹਤ ਸਹੂਲਤਾਂ ਦਾ ਹਾਲ ਰਿਹਾ ਅਤੇ ਲੋਕ ਮਹਿੰਗੇ ਇਲਾਜ ਲਈ ਮਜਬੂਰ ਹੁੰਦੇ ਰਹੇ ਤਾਂ, ਉਹ ਵੇਲਾ ਦੂਰ ਨਹੀਂ, ਜਦੋਂ ਲੋਕ ਭੁੱਖ ਦੇ ਨਾਲ ਨਾਲ ਇਲਾਜ ਖੁਣੋ ਵੀ ਮਰਨੇ ਸ਼ੁਰੂ ਹੋ ਜਾਣਗੇ। ਖ਼ੈਰ, ਮਸਲਾ ਵੱਡਾ ਹੈ ਅਤੇ ਮੈਡੀਕਲ ਮਾਫ਼ੀਆ ਕਦੇ ਵੀ ਲੋਕਾਈ ਦਾ ਸਾਥ ਨਹੀਂ ਦੇਵੇਗਾ, ਹੁਣ ਲੋਕਾਂ ਨੂੰ ਹੀ ਸੋਚਣਾ ਵਿਚਾਰਨਾ ਪੈਣਾ ਹੈ।

# ਨਸ਼ਾ ਤਸਕਰਾਂ ਦੇ ਘਰ ਢਾਹੁਣਾ: ਸਾਰਥਕ ਜਾਂ ਗੈਰ-ਸਾਰਥਕ ?



ਨਸ਼ਾ ਤਸਕਰਾਂ ਦੇ ਘਰਾਂ ਨੂੰ ਢਾਹੁਣ ਦੀ ਮੁਹਿੰਮ, ਪੰਜਾਬ ਸਰਕਾਰ ਦੁਆਰਾ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦਾ ਇੱਕ ਅਹਿਮ ਹਿੱਸਾ ਹੈ, ਜਿਸਨੇ ਸਮਾਜ ਵਿੱਚ ਮਿਲੇ-ਜੁਲੇ ਵਿਚਾਰਾਂ ਨੂੰ ਜਨਮ ਦਿੱਤਾ ਹੈ। ਇਹ ਮੁਹਿੰਮ, ਜੋ ਕਿ ਨਸ਼ਿਆਂ ਦੇ ਜਾਲ ਨੂੰ ਤੋੜਨ ਅਤੇ ਤਸਕਰਾਂ ਵਿੱਚ ਡਰ ਪੈਦਾ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਹੈ, ਕਈ ਤਰ੍ਹਾਂ ਦੇ ਸਵਾਲਾਂ ਨੂੰ ਜਨਮ ਦਿੰਦੀ ਹੈ।

ਸਾਰਥਕ ਪਹਿਲੂਆਂ ਦੀ ਗੱਲ ਕਰੀਏ ਤਾਂ, ਇਹ ਕਾਰਵਾਈ ਨਸ਼ਾ ਤਸਕਰਾਂ ਵਿੱਚ ਡਰ ਪੈਦਾ ਕਰ ਸਕਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲੱਗ ਸਕਦੀ ਹੈ। ਇਹ ਸਮਾਜ ਨੂੰ ਇੱਕ ਸਖ਼ਤ ਸੰਦੇਸ਼ ਦਿੰਦਾ ਹੈ ਕਿ ਨਸ਼ਾ ਤਸਕਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਸਜ਼ਾ ਮਿਲੇਗੀ। ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਢੰਗ ਨਾਲ ਬਣਾਈਆਂ ਗਈਆਂ ਜਾਇਦਾਦਾਂ ਨੂੰ ਜ਼ਬਤ ਕਰਨਾ ਉਨ੍ਹਾਂ ਦੀ ਆਰਥਿਕ ਸ਼ਕਤੀ ਨੂੰ ਕਮਜ਼ੋਰ ਕਰ ਸਕਦਾ ਹੈ। ਜਿਸ ਨਾਲ ਉਨ੍ਹਾਂ ਦੇ ਨੈੱਟਵਰਕ ਨੂੰ ਤੋੜਨ ਵਿੱਚ ਮਦਦ ਮਿਲਦੀ ਹੈ। ਇਹ ਕਾਰਵਾਈ ਤਸਕਰਾਂ ਦੇ ਮਨੋਬਲ ਨੂੰ ਤੋੜਦੀ ਹੈ ਅਤੇ ਉਨ੍ਹਾਂ ਦੇ ਗੈਰਕਾਨੂੰਨੀ ਕਾਰੋਬਾਰ ਨੂੰ ਚਲਾਉਣ ਦੀ ਸਮਰੱਥਾ ਨੂੰ ਘਟਾਉਂਦੀ ਹੈ। ਇਸ ਤੋਂ ਇਲਾਵਾ, ਇਸ ਕਾਰਵਾਈ ਨਾਲ ਆਮ ਲੋਕਾਂ ਵਿੱਚ ਇਹ ਭਾਵਨਾ ਪੈਦਾ ਹੁੰਦੀ ਹੈ ਕਿ ਸਰਕਾਰ ਨਸ਼ਿਆਂ ਦੇ ਮੁੱਦੇ 'ਤੇ ਗੰਭੀਰ ਹੈ ਅਤੇ ਕਾਰਵਾਈ ਕਰਨ ਲਈ ਤਿਆਰ ਹੈ।

ਦੂਜੇ ਪਾਸੇ, ਇਸ ਕਾਰਵਾਈ ਦੇ ਗੈਰ-ਸਾਰਥਕ ਪਹਿਲੂਆਂ 'ਤੇ ਵੀ ਗੰਭੀਰ ਸਵਾਲ ਉੱਠਦੇ ਹਨ। ਕੀ ਬਿਨਾਂ ਕਿਸੇ ਅਦਾਲਤੀ ਫੈਸਲੇ ਤੋਂ ਘਰ ਢਾਹੁਣਾ ਕਾਨੂੰਨੀ ਤੌਰ 'ਤੇ ਜਾਇਜ਼ ਹੈ ? ਕੀ ਇਹ ਕਾਰਵਾਈ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਤਾਂ ਨਹੀਂ ਕਰਦੀ ? ਇਹ ਕਾਨੂੰਨੀ ਸਵਾਲ ਇਸ ਮੁਹਿੰਮ ਦੀ ਜਾਇਜ਼ਤਾ 'ਤੇ ਸ਼ੱਕ ਪੈਦਾ ਕਰਦੇ ਹਨ। ਇਸ ਕਾਰਵਾਈ ਨਾਲ ਨਸ਼ਾ ਤਸਕਰਾਂ ਦੇ ਪਰਿਵਾਰਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ, ਖਾਸ

**ਚਾਨਣ ਦੀਪ ਸਿੰਘ ਔਲਖ, ਸੰਪਰਕ 9876888177**

ਤੌਰ 'ਤੇ ਜੇ ਉਹ ਇਸ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਨਹੀਂ ਹਨ। ਘਰ ਢਾਹ ਦੇਣ ਨਾਲ ਉਨ੍ਹਾਂ ਦੇ ਰਹਿਣ ਦੇ ਸਥਾਨ ਦੀ ਸਮੱਸਿਆ ਹੋ ਸਕਦੀ ਹੈ, ਜਿਸ ਨਾਲ ਉਹ ਬੇਘਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਇਸ ਕਾਰਵਾਈ ਵਿੱਚ ਭ੍ਰਿਸ਼ਟਾਚਾਰ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ਨਾਲ ਬੇਕਸੂਰ ਲੋਕਾਂ ਨੂੰ ਵੀ ਨੁਕਸਾਨ ਹੋ ਸਕਦਾ ਹੈ। ਇਹ ਵੀ ਇੱਕ ਸਵਾਲ ਹੈ ਕਿ ਕੀ ਅਸਲ ਤਸਕਰ ਇਸ ਕਾਰਵਾਈ ਤੋਂ ਬਚ ਤਾਂ ਨਹੀਂ ਜਾਣਗੇ। ਇਸ ਕਾਰਵਾਈ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਨੂੰ ਲੈ ਕੇ ਵੀ ਕਈ ਸਵਾਲ ਉੱਠਦੇ ਹਨ।

ਇਹਨਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਕਿਹਾ ਜਾ ਸਕਦਾ ਹੈ ਕਿ ਨਸ਼ਾ ਤਸਕਰਾਂ ਦੇ ਘਰ ਢਾਹੁਣ ਦੀ ਮੁਹਿੰਮ ਇੱਕ ਗੁੰਝਲਦਾਰ ਮੁੱਦਾ ਹੈ ਜਿਸਦੇ ਸਾਰਥਕ ਅਤੇ ਗੈਰ-ਸਾਰਥਕ ਦੋਵੇਂ ਪਹਿਲੂ ਹਨ। ਇਸ ਮੁਹਿੰਮ ਦੀ ਸਫ਼ਲਤਾ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਕਾਨੂੰਨੀ ਅਤੇ ਮਾਨਵੀ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਰਵਾਈ ਕਰੇ ਅਤੇ ਇਸ ਕਾਰਵਾਈ ਨੂੰ ਪਾਰਦਰਸ਼ੀ ਬਣਾਵੇ। ਇਸ ਤੋਂ ਇਲਾਵਾ, ਸਰਕਾਰ ਨੂੰ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਲੰਬੇ ਸਮੇਂ ਦੀ ਯੋਜਨਾ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਨਸ਼ਾ ਪੀੜਤਾਂ ਦੇ ਪੁਨਰਵਾਸ ਅਤੇ ਨੌਜਵਾਨਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ 'ਤੇ ਧਿਆਨ ਦਿੱਤਾ ਜਾਵੇ। ਸਿਰਫ਼ ਘਰ ਢਾਹੁਣ ਨਾਲ ਨਸ਼ਿਆਂ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ, ਇਸ ਲਈ ਸਮਾਜਿਕ ਅਤੇ ਆਰਥਿਕ ਪਹਿਲੂਆਂ 'ਤੇ ਵੀ ਧਿਆਨ ਦੇਣਾ ਜ਼ਰੂਰੀ ਹੈ।



# ਪ੍ਰੀਤ ਫੁਲਵਾੜੀ

## ਚੜ੍ਹਿਆ ਚੇਤ ਮਹੀਨਾ

ਚੜ੍ਹਿਆ ਚੇਤ ਮਹੀਨਾ ਸਹੀਓ,
ਬਾਗ਼ੀ ਕੋਇਲਾ ਬੋਲਦੀਆਂ।
ਵਿੱਚ ਵਿਛੋੜੇ ਕਿੰਝ ਦਿਨ ਲੰਘੇ,
ਭੇਦ ਦਿਲਾਂ ਦੇ ਖੋਲ੍ਹਦੀਆਂ।
ਬੈਠ ਅੰਬ ਦੀ ਟਾਹਣੀ ਉੱਤੇ,
ਭਾਰ ਖੰਬਾਂ ਦੇ ਤੋਲਦੀਆਂ।
ਹਰ ਪਾਸੇ ਬਹਾਰਾਂ ਆਈਆਂ,
ਪੌਣਾਂ ਸੁਗੰਧੀ ਘੋਲਦੀਆਂ।
ਸੋਹਣੀ ਰੁੱਤ ਹੈ ਚੇਤ ਮਹੀਨਾ,
ਖੇਤੀਂ ਫਸਲਾਂ ਮੌਲਦੀਆ।
ਸੱਜ ਵਿਆਹੀਆਂ ਬੈਠ ਬਰੂਹੀਂ,
ਰਾਹਾਂ ਤੱਕਣ ਢੋਲ ਦੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਖਾਨਾ-ਜੰਗੀ ਦਾ ਡਰ !

ਕੋਈ ਧੁੰਮਾਂ ਪਤਿਆਉਣ ਨੂੰ ਭੱਜਦਾ ਏ
ਕੋਈ 'ਧਾਮੀ' ਦੇ ਪੈਰੀਂ ਜਾ ਪਈ ਜਾਵੇ।
ਉਹਨੂੰ ਕਹਿਣ ਨਾ ਬੰਦਾ ਬਣ ਹਟ ਪਿੱਛੇ
ਤਖਤ ਸਾਹਿਬ ਦੇ ਨਾਲ਼ ਜੋ ਖਹੀ ਜਾਵੇ।
ਕੋਈ ਚਾਲ ਨਹੀਂ ਓਸਦੀ ਸਫਲ ਹੋਣੀ
ਬਦਲ ਬਦਲ ਕੇ 'ਪੈਂਤੜੇ' ਲਈ ਜਾਵੇ
ਰਿਸ਼ਤੇਦਾਰ@ ਵੀ ਛੱਡਦਾ ਸਾਥ ਲਗਦਾ
ਗੱਡੀ ਦਿਨੋ ਦਿਨ 'ਲੀਹ' ਤੋਂ ਲਹੀ ਜਾਵੇ।
ਉਸਨੂੰ ਭੋਰਾ ਪ੍ਰਵਾਹ ਨਹੀਂ 'ਪੰਥ' ਵਾਲ਼ੀ
ਪਿੱਛੇ ਬਹਿ ਕੇ ਸਕੀਮਾਂ ਜੋ ਦਈ ਜਾਵੇ।
ਉੱਲੂ ਆਪਣਾ ਸਿੱਧਾ ਉਸ ਰੱਖਣਾ ਐਂ
ਖਾਨਾ-ਜੰਗੀ ਜੇ ਪੈਂਦੀ ਤਾਂ ਪਈ ਜਾਵੇ !

**ਤਰਲੋਚਨ ਸਿੰਘ ਦੁਪਾਲ ਪੁਰ**
78146-92724

## ਵਕਤ

ਐ ਵਕਤ ਠਹਿਰ ਜ਼ਰਾ,,,
ਐਨਾ ਵੀ ਨਿਰਮੋਹਾ ਨਾ ਬਣ
ਸੁੱਖ ਦੀਆਂ ਘੜੀਆਂ ਤਾਂ ਪਲਾਂ ਚ ਲੰਘਾ ਦਿੰਨਾ
ਕਦੇ ਔਖਾ ਵਕਤ ਵੀ ਛੇਤੀ ਲੰਘਾਇਆ ਕਰ।
ਜਿੰਨਾ ਦੇ ਜਾਨੋਂ ਪਿਆਰੇ ਦੂਰ ਗਏ
ਉਨ੍ਹਾਂ ਦਾ ਦਰਦ ਵੀ ਵੰਡਾਇਆ ਕਰ
ਐ ਵਕਤ ਠਹਿਰ ਜ਼ਰਾ,,,
ਹਾਸਿਆਂ ਨੂੰ ਕਿਉਂ ਲੱਗਦੀਆਂ ਨੇ ਨਜ਼ਰਾਂ
ਰੋਂਦਿਆਂ ਨੂੰ ਵੀ ਕਦੇ ਹਸਾਇਆ ਕਰ
ਕਿਉਂ ਦਿੰਨਾ ਏ ਪੀੜਾਂ ਦਾ ਪਰਾਗਾ
ਬਹੁਤੇ ਦਰਦ ਨਾ ਹੱਡੀ ਰਚਾਇਆ ਕਰ
ਐ ਵਕਤ ਠਹਿਰ ਜ਼ਰਾ,,
ਕਦੇ ਔਖਾ ਵਕਤ ਵੀ ਛੇਤੀ ਲੰਘਾਇਆ ਕਰ
ਸੰਧੂਆਂ ਰੋਂਦਿਆਂ ਨੂੰ ਵੀ ਹਸਾਇਆ ਕਰ
ਐ ਵਕਤ ---ਐ ਵਕਤ,,,,,,
ਐਨਾ ਵੀ ਨਿਰਮੋਹਾ ਨਾ ਬਣ,,,,

**ਬਲਤੇਜ ਸੰਧੂ**
**ਬੁਰਜ ਲੱਧਾ ਬਠਿੰਡਾ**
9465818158

## ਪੁੱਛ ਕਦੇ ਆ ਕੇ

ਪੁੱਛ ਕਦੇ ਆ ਕੇ ਸਾਡਾ ਹਾਲ ਭਰਾਵਾ,
ਕਿੰਝ ਮਿਲੇ ਸਾਨੂੰ ਰੋਟੀ, ਦਾਲ ਭਰਾਵਾ।
ਇਸ ਵਾਰੀ ਇਹ ਲੈ ਕੇ ਆਵੇਗਾ ਖੁਸ਼ੀਆਂ,
ਏਦਾਂ ਹੀ ਮੁੱਕ ਜਾਵੇ ਹਰ ਸਾਲ ਭਰਾਵਾ।
ਖਾਈ ਜਾਂਦੇ ਨੇ ਸਭ ਕੁੱਝ ਹੀ ਜ਼ੋਰਾਵਰ,
ਖਾਲੀ ਰਹਿ ਜਾਵੇ ਸਾਡਾ ਥਾਲ ਭਰਾਵਾ।
ਸਾਂਝਾ ਕਰ ਲੈ ਤੂੰ ਦੁੱਖ ਸਾਡੇ ਨਾਂ ਬਹਿ ਕੇ,
ਕੱਲਾ ਬਹਿ ਕੇ ਉਮਰ ਨਾ ਗਾਲ ਭਰਾਵਾ।
ਮਾਂ-ਪਿਉ ਨੂੰ ਬੱਚੇ ਘਰ ਚੋਂ ਕੱਢਣ ਏਦਾਂ,
ਕੱਢੀਦਾ ਜਿਵੇਂ ਮੱਖਣ ਚੋਂ ਵਾਲ ਭਰਾਵਾ।
ਗ਼ਮ ਦੇ ਅੰਗਾਰ ਦੇ ਨੇੜੇ ਨ੍ਹੀ ਆਈਦਾ,
ਕੁੱਝ ਨ੍ਹੀ ਬੱਚਣਾ ਪੱਲੇ ਦਿਲ ਜਾਲ ਭਰਾਵਾ।
ਆ ਦੋਵੇਂ ਕੱਠੇ ਹੋ ਜਾਈਏ ਭੇਦ-ਭੁਲਾ,
ਫੁੱਟ ਪਾਊਆਂ ਦੀ ਸਮਝ ਕੇ ਚਾਲ ਭਰਾਵਾ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਗ਼ਜ਼ਲ

ਮੁਹੱਬਤ ਵਿਚ ਕਿਸੇ ਨੂੰ ਯਾਦ ਕਰਨਾ ਹੀ ਇਬਾਦਤ ਹੈ।
ਕਲੇਜੇ ਤੀਰ ਉਤੇ ਤੀਰ ਜਰਨਾ ਹੀ ਇਬਾਦਤ ਹੈ।
ਹਜ਼ਾਰਾਂ ਰਾਹਗੀਰਾਂ ਨੂੰ ਤ੍ਰਿਪਤੀ ਦਾ ਮਿਲੇ ਜੀਵਨ,
ਕਿ ਖਾਲੀ ਖੂਹ ਨੂੰ ਪਾਣੀ ਨਾਲ ਭਰਨਾ ਹੀ ਇਬਾਦਤ ਹੈ।
ਅਸਲ ਵਿਚ ਧਰਮ ਦਾ ਨਾ ਰੰਗ ਨਾ ਕੋਈ ਰੂਪ ਨਾ ਬਾਣਾ,
ਤਲੀ ਉਪਰ ਸਮਰਪਣ ਸੀਸ ਧਰਨਾ ਹੀ ਇਬਾਦਤ ਹੈ।
ਕਿਸੇ ਮੰਦਿਰ ਦੁਵਾਰੇ ਵਿਚ ਕਦੀ ਭਗਵਾਨ ਨਈਂ ਮਿਲਦਾ,
ਮੁਸੀਬਤ ਵਿਚ ਕਿਸੇ ਦੀ ਮਦਦ ਕਰਨਾ ਹੀ ਇਬਾਦਤ ਹੈ।
ਜੇ ਅਪਣੇ ਵਿਹੜਿਆਂ ਅੰਦਰ ਜਗਾਉਣੇਂ ਦੀਪ ਰਿਸ਼ਤੇ ਦੇ,
ਤਾਂ ਫਿਰ ਜਿਤ ਨੂੰ ਖ਼ੁਸ਼ੀ ਦੇ ਨਾਲ ਹਰਨਾ ਹੀ ਇਬਾਦਤ ਹੈ।
ਕਿਸੇ ਮਜ਼ਬੂਰ ਝਾਂਜਰ ਦਾ ਲਹਿਰ ਦੇ ਨਾਲ ਖਹਿ-ਖਹਿ ਕੇ,
ਗ਼ਜ਼ਲ ਦੇ ਪਾਣੀਆਂ ਵਿਚਕਾਰ ਤਰਨਾ ਹੀ ਇਬਾਦਤ ਹੈ।
ਕਦੀ ਵੀ ਆਦਮੀ ਹੈਵਾਨ ਤੇ ਸ਼ੈਤਾਨ ਨਈਂ ਬਣਦਾ,
ਖੁਦਾ ਦੇ ਫਜ਼ਲ ਅੰਦਰ ਰਹਿ ਕੇ ਡਰਨਾ ਹੀ ਇਬਾਦਤ ਹੈ।
ਕਿਸੇ ਸੂਰਜ ਤੋਂ ਵੀ ਜਿਆਦਾ ਕਿਸੇ ਭਗਵਾਨ ਤੋਂ ਉਪਰ,
ਕਿਸੇ ਝੁੱਗੀ 'ਚ ਜਗਦਾ ਦੀਪ ਧਰਨਾ ਹੀ ਇਬਾਦਤ ਹੈ।
ਪਹਾੜਾਂ ਦੇ ਚੁਫੇਰੇ ਵਿਚ ਵਿਛੀ ਹਰਿਆਲੀ ਖ਼ੁਸ਼ਹਾਲੀ,
ਬਰਫ਼ ਦੇ ਆਬਗੀਨੇ ਨਾਲ ਠਰਨਾ ਹੀ ਇਬਾਦਤ ਹੈ।
ਕਿਤੇ ਐਵੇਂ ਨਹੀਂ ਮਿਲਦੀ ਸਵੇਰੇ ਦੀ ਕਿਰਣ ਸਜਣਾ,
ਹਨੇਰੇ ਦਾ ਘਿਨਾਉਣਾ ਸਿਤਮ ਜਰਨਾ ਹੀ ਇਬਾਦਤ ਹੈ।
ਕਿਸੇ ਚਿੱਕੜ 'ਚ ਪੈਦਾ ਹੋ ਕੇ ਬਾਲਮ ਕਮਲ ਬਣ ਜਾਣਾ,
ਸੁਹਾਣੀ ਜ਼ਿੰਦਗਾਨੀ ਜੀ ਕੇ ਮਰਨਾ ਹੀ ਇਬਾਦਤ ਹੈ।

**ਬਲਵਿੰਦਰ ਬਾਲਗ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
ਮੋ. 98156-25409

## ਲੋਕ ਤੱਥ

ਵੇਲ ਨੂੰ ਸਹਾਰਾ ਚੰਗਾ।
ਏਕੇ ਦਾ ਨਾਅਰਾ ਚੰਗਾ।
ਹੁੰਦਾ ਗਲਿਆਰਾ ਚੰਗਾ।
ਪੜਦੇ ਨੂੰ ਕੱਜਦਾ।
ਪੁਰਾਣਾ ਰਿਵਾਜ਼ ਚੰਗਾ।
ਕਰਨਾ ਰਿਆਜ਼ ਚੰਗਾ।
ਹੁੰਦਾ ਉਹ ਸਾਜ਼ ਚੰਗਾ।
ਦਿਲਾਂ ਵਿੱਚ ਵੱਜਦਾ।
ਰਾਜੇ ਨੂੰ ਇਨਸਾਫ ਚੰਗਾ।
ਇੱਕ ਵਾਰ ਮੁਆਫ਼ ਚੰਗਾ।
ਹੁੰਦਾ ਦਿਲ ਸਾਫ਼ ਚੰਗਾ।
ਭਲਾ ਮੰਗੇ ਸਭਦਾ।
ਪੰਛੀਆਂ ਨੂੰ ਰੁੱਖ ਚੰਗਾ।
ਹੰਕਾਰੀ ਨੂੰ ਦੁੱਖ ਚੰਗਾ।
ਹੁੰਦਾ ਉਹ ਮੁੱਖ ਚੰਗਾ।
ਦੀਦਾਰ ਹੋਵੇ ਹੱਜ ਦਾ।
ਔਰਤ ਨੂੰ ਗਹਿਣਾ ਚੰਗਾ।
ਕਬੀਲੇ ਚ@ ਰਹਿਣਾ ਚੰਗਾ।
ਹੁੰਦਾ ਉੱਥੇ ਬਹਿਣ ਚੰਗਾ।
ਰਾਖਾ ਹੋਵੇ ਲੱਜਦਾ।
ਪੱਤੋ, ਵਫ਼ਾਦਾਰ ਚੰਗਾ।
ਉੱਚਾ ਕਿਰਦਾਰ ਚੰਗਾ।
ਹੁੰਦਾ ਉਹ ਯਾਰ ਚੰਗਾ।
ਘਰੇ ਬੈਠਾ ਫੱਬਦਾ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਭ੍ਰਿਸ਼ਟਾਚਾਰ

ਭ੍ਰਿਸ਼ਟਾਚਾਰ ਅਮਰ ਵੇਲ ਵਾਂਗ ਹੈ,
ਜੋ ਬਿਨਾਂ ਜੜ੍ਹਾਂ ਤੋਂ
ਸਾਰੇ ਪਾਸੇ ਫੈਲ ਕੇ
ਆਪਣਾ ਜਾਲ ਵਿਛਾਈ ਜਾਵੇ।
ਜਦ ਇਹ ਬਿਨਾਂ ਜੜ੍ਹਾਂ ਤੋਂ ਹੈ,
ਤਾਂ ਫਿਰ ਖਤਮ ਕਿੱਦਾਂ ਹੋਵੇ ?
ਇਸ ਨੂੰ ਖਤਮ ਕਰਨ ਦੇ
ਸਭ ਦਾਅਵੇ ਝੂਠ ਨੇ।
ਇਹ ਤਾਂ ਦਿਨ-ਬ-ਦਿਨ
ਸਗੋਂ ਹੋਰ ਵੱਧੀ ਜਾਵੇ
ਤੇ ਇਸ ਨੂੰ ਖਤਮ ਕਰਨ ਦੇ
ਦਾਅਵੇ ਕਰਨ ਵਾਲਿਆਂ ਤੇ
ਉੱਚੀ, ਉੱਚੀ ਹੱਸੀ ਜਾਵੇ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਰੱਬ ਮਿਲ ਗਿਆ ਹੋਵੇ

ਦੀਦ ਤੇਰੀ ਦੇ ਦਰਸ ਲਈ,
ਸਾਡੇ ਨੈਣ ਹੋਏ ਪਏ ਸਨ ਪਿਆਸੇ,
ਚਿਹਰੇ ਮੁਜਰਾ ਜਿਹੇ ਗਏ ਸਨ
ਬੁੱਲ੍ਹੀਆਂ ਤੋਂ ਉੱਡ ਗਏ ਸਨ, ਹਾਸੇ

ਜਿਵੇਂ ਜਿੰਦ ਸਾਡੀ ਵਿਚੋਂ ........
ਕੋਈ, ਰੂਹ ਨੂੰ ਕੱਢਕੇ ਲੈ ਗਿਆ ਹੋਵੇ !
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ, ਸਾਨੂੰ ਰੱਬ ਹੀ ਮਿਲ ਗਿਆ ਹੋਵੇ !!

ਰਾਤੀ ਆਏ ਜਦ ਸੁਪਨਿਆਂ 'ਚ
ਗੱਲਾਂ ਹੋਈਆਂ, ਮਿੱਠੀਆਂ ਵਾਂਗ ਪਤਾਸੇ

ਕਾਂ ਬੋਲਿਆ ਸੀ, ਆਣ ਬਨੇਰੇ ਤੇ
ਧਰਮ ਨਾਲ, ਓਹ ਸਾਨੂੰ ਮੋਰ ਵਾਂਗੂ ਜਾਪੇ

ਹੋਈ ਅੱਜ ਮਨ ਦੀ ਮੁਰਾਦ ਪੂਰੀ
ਜਿਵੇਂ ਰੱਬ ਨੇ ਨੇੜੇ ਖੜ ਕੇ ਸੁਣ ਲਈ ਹੋਵੇ

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.... ਸਾਨੂੰ ਰੱਬ ਹੀ ਮਿਲ ਗਿਆ ਹੋਵੇ

ਚਾਹਤ ਦਿਲ 'ਚ ਹੋਣੀ ਜਰੂਰੀ ਏ
ਉਂਜ ਦੁਸਮਣ ਵੀ ਚੇਤੇ...ਬਥੇਰਾ ਕਰਦੇ

ਸਾਡੀ ਛੋਟੀ ਜਿਹੀ ਕਹਾਣੀ ਨਹੀ ਸੀ,
ਤੁਸੀ ਪਲਟ ਪੰਨੇ ਅਗਾਂਹ ਸੀ ਕਰ ਗਏ,

ਰੂਹਾਂ ਨੂੰ ਦਾਗ-ਹਿਜਰਾਂ ਦੇ ਲਗ ਜਾਂਦੇ,
ਜਦ ਯਕੀਨ ਨੂੰ ਸੱਕ 'ਚ ਬਦਲ ਲਿਆ ਹੋਵੇ

ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,

ਖੁਸੀਆਂ, ਤਕਦੀਰਾਂ ਦੇ ਵਿੱਚ ਹੋਵਣ
ਤਸਵੀਰਾਂ 'ਚ ਹੱਸ ਹੱਸ ਨਾਲ ਬਥੇਰੇ ਖੜਦੇ

ਯਾਦਾਂ ਓਦੋਂ ਬਣ ਜਾਣ ਸਜਾਵਾਂ ਨੇ
ਜਦ, ਆਪਣੇ ਰਕੀਬਾਂ ਦੇ ਹੱਥ ਜਾਣ ਚੜ੍ਹਦੇ

ਰਾਹ, ਕਿੱਥੇ ਖਤਮ ਹੁੰਦੇ ਜਿ?ਦਗੀ ਦੇ
ਮੰਜਿ?ਲ ਉਹੀ, ਜਿੱਥੇ ਖਾਹਿਸ ਖਤਮ ਹੋਵੇ
ਤੇਰਾ ਮਿਲਣਾ, ਸੱਜਣਾ ਇੰਜ ਲਗਦਾ,
ਜਿਵੇਂ.....ਸਾਨੂੰ ਰੱਬ ਹੀ ਮਿਲ ਗਿਆ ਹੋਵੇ,

**ਦੀਪ ਰੱਤੀ**

## (ਕਾਵਿ ਵਿਅੰਗ)
## ਸਿੱਖ ਕੌਮ ਤੇ ਸੰਕਟ

ਦੋਫਾੜ ਹੋਈ ਕੌਮ ਨੂੰ ਕੋਈ ਕਰੇ ਕੱਠੀ,
ਬਖਸ਼ੇ ਇਸ ਨੂੰ ਗੁਰੂ ਸਮੱਤ ਮੀਆਂ।
ਚਣੌਤੀ ਦਿੱਤੀ ਅਕਾਲ ਦੇ ਤਖ਼ਤ ਤਾਂਈ,
ਮਾਰੀ ਗਈ ਕੁਝ ਲੋਕਾਂ ਦੀ ਮੱਤ ਮੀਆਂ।
ਨਾ ਮੰਨਿਆ ਹੁਕਮ ਪਿਆਰਿਆਂ ਦਾ,
ਭੁੱਲ ਗਏ ਕਹਿਣਾ ਜੋ ਸੱਤ ਮੀਆਂ।
ਕਿਲ੍ਹਾ ਅਨੰਦਗੜ੍ਹ ਛੱਡਿਆ, ਕਹੇ ਸਿੰਘਾਂ,
ਰੱਖੀ ਖਾਲਸੇ ਦੀ ਸੀ ਗੁਰੂ ਪੱਤ ਮੀਆਂ।
ਫਿਰ ਗੜ੍ਹੀ ਚਮਕੌਰ ਛੱਡੀ ਗੁਰੂ ਸਾਡੇ,
ਮੰਨ ਹੁਕਮ ਲਾਇਆ ਨਾ ਝੱਤ ਮੀਆਂ।
ਕਿਓਂ ਭੁੱਲ ਗਏ ਗੁਰੂ ਜੀ ਦੀਆਂ ਕੁਰਬਾਨੀਆਂ ਨੂੰ,
ਚੁੱਕੀ ਫਿਰਦੇ ਕਿਉਂ ਐਵੇਂ ਅੱਤ ਮੀਆਂ।
ਅਖੀਰ ਪੈਣਾ ਮੰਨਣਾ ਹੁਕਮ ਪਿਆਰਿਆਂ ਦਾ,
ਰਹਿਣੀ ਨੀਂ ਕਿਸੇ ਦੀ ਅੜੀ ਲੱਤ ਮੀਆਂ।
ਭੁੱਲਾਂ ਬਖਸ਼ਾਈਏ, ਪੱਤੋ, ਆਪਾਂ ਗੁਰੂ ਅੱਗੇ,
ਖਾਲਸਾ ਜੀ, ਆਉ ਵਹੀਰਾਂ ਘੱਤ ਮੀਆਂ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਦਿਲ ਤੇ ਦਿਮਾਗ

ਜੇ ਦਿਲ ਮੰਨਦਾ ਤਾਂ ਦਿਮਾਗ ਜਾਂਦਾ ਮੁਕਰ
ਦਿਮਾਗ ਦੀ ਹਾਮੀ ਨੂੰ ਦਿਲ ਜਾਂਦਾ ਕੁਤਰ।
ਅਜੀਬ ਜਿਹੀ ਅੰਦਰੂਨੀ ਚੱਲ ਰਹੀ ਜੰਗ
ਭਾਵਨਾਵਾਂ ਤੇ ਖਵਾਇਸ਼ਾਂ ਦੀ ਵੱਖ ਵੱਖ ਮੰਗ॥
ਕਿਸ ਦਾ ਸਾਥ ਦੇ ਕਿਸ ਤੋਂ ਪੱਲਾ ਲਵਾਂ ਛੁਡਾ
ਸਰੀਰ ਸਾਂਝਾ ਦਿਲ ਤੇ ਦਿਮਾਗ ਦੋਹੇ ਜੁਦਾ।
ਸੱਧਰਾਂ ਨੂੰ ਦਿਲ ਰੱਤ ਨਾਲ ਸਿੰਜ ਤੋੜ ਚੜ੍ਹਾਵੇ
ਦਿਮਾਗ ਆਪਣੀ ਸੂਝ ਬੂਝ ਤੇ ਰਣਨੀਤੀ ਪੜ੍ਹਾਵੇ॥
ਦਿਲ ਨੇ ਵੰਗਾਰ ਜ਼ਜ਼ਬਾਤਾਂ ਵਾਲਾ ਦਾਅ ਚਲਾਇਆ
ਦਿਮਾਗ ਨੇ ਨੀਤੀ ਘਾੜਾ ਬਣ ਦਿਲ ਨੂੰ ਸਮਝਾਇਆ।
ਨੈਣਾਂ ਦੀ ਵੰਡ ਸੁਣ ਸੁੰਨ ਹੋ ਗਈ ਸੀ ਰੂਹ
ਨਾ ਹੋਈ ਸਹਿਮਤੀ ਦੋਹਾਂ ਛੱਡੀ ਤਨ ਦੀ ਜੂਹ॥

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਹੰਕਾਰ ਨਾ ਹੁੰਦਾ

ਝੂਠਾ ਜੇਕਰ ਇਹ ਸੰਸਾਰ ਨਾ ਹੁੰਦਾ,
ਫਿਰ ਲੋਕਾਂ ਦੇ ਵਿੱਚ ਹੰਕਾਰ ਨਾ ਹੁੰਦਾ।
ਰਹਿੰਦੀ ਪਿਆਰ-ਮੁਹੱਬਤ ਨਾਲ ਐ ਦੁਨੀਆਂ,
ਫੇਰ ਕੋਈ ਮਾਰੂ ਹਥਿਆਰ ਨਾ ਹੁੰਦਾ।
ਜੇਕਰ ਸਭ ਨੂੰ ਮਿਲਦੇ ਹੱਕ ਬਰਾਬਰ,
ਫਿਰ ਹੱਥਾਂ ਦੇ ਵਿੱਚ ਹਥਿਆਰ ਨਾ ਹੁੰਦਾ।
ਨਾਰੀ ਨੂੰ ਮਿਲਦੇ ਜੇਕਰ ਹੱਕ ਸਾਰੇ,
ਫਿਰ ਏਥੇ ਜਿਸਮਾਂ ਦਾ ਵਪਾਰ ਨਾ ਹੁੰਦਾ।
ਮਾਂ ਦਾ ਪੁੱਤ ਵੀ ਨਾ ਹੁੰਦਾ ਪ੍ਰ?ਦੇਸੀ,
ਜੇਕਰ ਏਥੇ ਉਹ ਬੇਰੁਜ਼ਗਾਰ ਨਾ ਹੁੰਦਾ।
ਜੇਕਰ ਪੱਥਰ ਦਿਲ ਹੋਵੇ ਐ ਇਨਸਾਨ,
ਫੇਰ ਯਾਰੋ ਕੋਈ ਕਲਾਕਾਰ ਨਾ ਹੁੰਦਾ।
ਜੇਕਰ ਮੋਹ -ਮਾਇਆ ਨਾ ਹੋਵੇ ਮਨਦੀਪ,
ਦੁਨੀਆਂ ਵਿੱਚ ਕੋਈ ਤਕਰਾਰ ਨਾ ਹੁੰਦਾ।

**ਮਨਦੀਪ ਗਿੱਲ ਧੜਾਕ**
9988111134

## ਗ਼ਜ਼ਲ

ਗਾ ਕੇ ਦਿੱਤਾ ਦਾਨ ਨੀ ਹੁੰਦਾ।
ਇਹ ਕੋਈ ਅਹਿਸਾਨ ਨੀ ਹੁੰਦਾ।
ਚੰਗੇ ਕੰਮੀਂ ਪਹਿਚਾਣ ਹੈ ਬਣਦੀ,
ਕੁੱਖ ਚੋਂ ਕੋਈ ਮਹਾਨ ਨੀ ਹੁੰਦਾ।
ਅਕਲਹੀਣਿਆਂ ਦੀ ਫੌਜ ਲਾ ਪਿੱਛੇ,
ਇੰਝ ਕੋਈ ਭਗਵਾਨ ਨੀ ਹੁੰਦਾ!
ਬੇਸ਼ੱਕ! ਖੁਦ ਨੂੰ ਮੰਨ ਸਿਕੰਦਰ,
ਮਾੜਾ ਢਾਅ ਬਲਵਾਨ ਨੀ ਹੁੰਦਾ।
ਨਾਲ ਮਿਹਨਤਾਂ ਮਿਲੇ ਸਫਲਤਾ,
ਇਹ ਕੋਈ ਵਰਦਾਨ ਨੀ ਹੁੰਦਾ।
ਗੱਲੀਂ-ਬਾਤੀਂ ਇਤਿਹਾਸ ਨੀ ਬਣਦਾ,
ਜਦ ਤੱਕ ਕੋਈ ਕੁਰਬਾਨ ਨੀ ਹੁੰਦਾ।
ਵਿਛੜਦੇ ਅੱਖੀਂ ਲੱਖਾਂ ਤੱਕੇ,
ਕੋਈ ਤੇਰੇ ਤਰਾਂ ਅਨਜਾਣ ਨੀ ਹੁੰਦਾ।
ਠੱਗੀਆਂ ਮਾਰ ਕਮਾ ਲੈ ਦੌਲਤ,
ਕੋਈ ਨੀਤ ਬਿਨਾਂ ਧਨਵਾਨ ਨੀ ਹੁੰਦਾ।
ਮੂੰਹ ਦਾ ਮਿੱਠਾ, ਦਿਲ ਦਾ ਖੋਟਾ,
@ਰਾਵਿੰਦਰ@ ਨੂੰ ਉਹ ਪ੍ਰਵਾਨ ਨੀ ਹੁੰਦਾ॥

**ਰਾਵਿੰਦਰ ਫ਼ਫੜੇ**
9815680980

## ਅਕਾਲ ਤਖ਼ਤ ਮਹਾਨ ਹੈ ਕਿ... ?

ਅਕਾਲ ਤਖ਼ਤ ਮਹਾਨ ਹੈ, ਕਿ ਬਾਦਲ ਦਲ਼ ?
ਹੁਣ ਪਤਾ ਲੱਗ ਜਾਊ ਸ਼ਰੇ ਬਜ਼ਾਰ ਸਿੱਖੋ।
ਕੌਣ ਅਕਾਲ ਤਖ਼ਤ ਨਾਲ ਖੜ੍ਹਦਾ, ਕੌਣ ਬਾਦਲਾਂ ਨਾਲ ?
ਹੁਣ ਹੋ ਜਾਵੇਗਾ ਜੱਗ ਜ਼ਾਹਰ ਸਿੱਖੋ।
ਕੌਣ ਤਖ਼ਤੋਂ ਆਏ ਹੁਕਮਨਾਮਿਆਂ ਨੂੰ ਮੰਨਦਾ ਹੈ,
ਕੌਣ ਹੁਕਮਨਾਮਿਆਂ ਤੋਂ ਹੁੰਦਾ ਬਾਹਰ ਸਿੱਖੋ।
ਅਕਾਲੀ ਦਲ ਦੀ ਭਰਤੀ ਹੋਣ ਲੱਗ ਪਈ,
ਇਹਨੇ ਦੇਣਾ ਦੁੱਧੋ ਪਾਣੀ ਨਿਤਾਰ ਸਿੱਖੋ।
ਇਹ ਹੁਣ ਸਿੱਖ ਪੰਥ ਨੇ ਦੇਖਣਾ ਹੈ,
ਦੋਹਾਂ ਵਿੱਚੋਂ ਹੈ ਕੌਣ ਮਹਾਨ ਸਿੱਖੋ ?
ਆਕਾਲ ਤਖ਼ਤ ਦੀ ਜਾ ਬਾਦਲ ਦਲ਼ ਦੀ,
ਤੁਸੀਂ ਕਿਸਦੀ ਰੱਖਣੀ ਉੱਚੀ ਸ਼ਾਨ ਸਿੱਖੋ!

**ਮੇਜਰ ਸਿੰਘ ਬੁਢਲਾਡਾ**
94186 42327

## ਸਦਾ ਸਚਾਈ ਦਾ ਸਾਥ ਦਿਓ

ਸੱਚ ਦੀ ਤਾਂ ਪਰਿਭਾਸ਼ਾ ਕਿਸੇ ਦੇ ਹੀ ਹਿੱਸੇ ਆਵੇ,
ਝੂਠ ਦੀ ਹੈ ਖੱਟੀ ਖਾਵੇ ਦੁਨੀਆਂ ਇਹ ਸਾਰੀ ਐ।
ਸੱਚ ਉੱਤੇ ਪਹਿਰਾ ਦੇਣਾ ਸੂਲੀ ਤੇ ਜਿਉਂ ਝੂਟਣਾ ਹੈ,
ਝੂਠ ਬੋਲਣੇ ਦੀ ਸਦਾ ਚੜ੍ਹੀ ਰਹੇ ਖੁਮਾਰੀ ਐ।
ਗੱਲ ਹੱਕ ਅਤੇ ਸੱਚ ਦੀ ਕਰਦਾ ਨਾ ਕੋਈ ਇਥੇ,
ਜੱਗ ਵਿੱਚ ਦੁਨੀਆਂ ਇਹ ਤਾਹੀਓਂ ਦੁਖਿਆਰੀ ਐ।
ਆਖਿਰ ਤਾਂ ਹੁੰਦੀ ਹੈ ਸਚਾਈ ਦੀ ਹੀ ਜਿੱਤ ਸਦਾ,
ਸੱਚੀ ਗੱਲ ਵੇਦਾਂ ਤੇ ਗ੍ਰੰਥਾਂ ਉਚਾਰੀ ਐ।
ਸ਼ੇਰ ਜਿਹਾ ਜਿਗਰਾ ਸੱਚ ਕਹਿਣ ਲਈ ਚਾਹੀਦਾ ਹੈ,
ਕਿਉਂਕਿ ਜ਼ਿੰਮੇਵਾਰੀ ਲੈਣੀ ਪੈਂਦੀ ਸੱਚ ਲਈ ਭਾਰੀ ਐ।
ਦੱਦਾਹੂਰ ਵਾਲਾ ਕਹੇ ਸਦਾ ਸੱਚ ਤੇ ਅੜਿੰਗ ਰਹੀਏ,
ਚੱਲ ਜਾਵੇ ਸੀਨੇ ਉੱਤੇ ਭਾਵੇਂ ਵੀਰੋ ਆਰੀ ਐ।

**ਜਸਵੀਰ ਸ਼ਰਮਾਂ ਦੱਦਾਹੂਰ ਸ੍ਰੀ ਮੁਕਤਸਰ ਸਾਹਿਬ**
95691-49556

# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 296

Website: www.preetnama.com Email preetnamausa@gmail.com

21 MARCH TO 27 MARCH,2025



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 296

Website: www.preetnama.com Email preetnamausa@gmail.com

21 MARCH TO 27 MARCH,2025


